੧ੳ ਵਾਹਿਗੁਰੂ ਜੀ ਕੀ ਫ਼ਤਹ ॥

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ
ਸੋ ਕਹੀਅਤ ਹੈ ਸੂਰਾ ॥

# ਸੂਰਾ

ਪਟਿਆਲਾ

ਸਚਖੰਡ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ
ਅਖੰਡ ਕੀਰਤਨੀ ਜੱਥਿਆਂ ਦੀ ਸਰਪ੍ਰਸਤੀ ਹੇਠ

ਪ੍ਰਚਾਰ ਪੱਤਰ

www.AKJ.Org

# ਲੇਖ-ਸੂਚੀ


| ਨੰਬਰ | ਲੇਖ | ਪੰਨਾ | ਲੇਖਕ |
|---|---|---|---|
| ੧. | ਦੋ ਸ਼ਬਦ | ੪. | ਭਾਈ ਜੋਗਿੰਦਰ ਸਿੰਘ ਜੀ ਤਲਵਾੜਾ |
| ੨ | ਬੇਨਤੀ | ੫. | ਐਡੀਟਰ |
| ੩. | ਅਖੰਡ ਕੀਰਤਨ ਸਮਾਗਮ | ੬. | ਐਡੀਟਰ |
| ੪. | ਸ੍ਰਿਰੀ ਦਸਮੇਸ਼ ਪੂਰਨੇ | ੭. | ਭਾ. ਸਾ. ਭਾਈ ਰਣਧੀਰ ਸਿੰਘ ਜੀ |
| ੫. | ਕੇਸਾਂ ਦੀ ਮਹੱਤਤਾ | ੧੧. | ਭਾਈ ਜੋਗਿੰਦਰ ਸਿੰਘ ਜੀ ਤਲਵਾੜਾ |
| ੬. | ਗੁਰ ਸਿਖ ਕੌਣ ਹੈ ? | ੧੫. | ਭਾਈ ਮਨਮੋਹਨ ਸਿੰਘ ਜੀ M.Sc. |
| ੭. | ਅਰਦਾਸ | ੧੮. | ਮਾ. ਗੁਰਮੁਖ ਸਿੰਘ ਜੀ M.A. |
| ੮. | ਹਰਿ ਧਨ | ੨੧. | ਭਾਈ ਅਜੀਤ ਸਿੰਘ ਜੀ ਓਵਰਸੀਅਰ |
| ੯. | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ (੧) | ੨੫. | ਭਾ. ਸਾ. ਭਾਈ ਰਣਧੀਰ ਸਿੰਘ ਜੀ |
| ੧੦. | ਡਿੱਠੇ, ਸੁਣੇ ਤੇ ਹਡੀਂ ਵਾਪਰੇ ਬ੍ਰਿਤਾਂਤ (੪) | ੩੩. | ਭਾਈ ਸਾਹਿਬ ਸੁਰਜਨ ਸਿੰਘ ਜੀ |


## * ਮਾਸਕ ਪੱਤਰ "ਸੂਰਾ" ਦੀਆਂ ਵਿਸ਼ੇਸ਼ਤਾਈਆਂ *

* ਇਹ ਪਰਚਾ ਕੇਵਲ ਗੁਰਮਤਿ ਦੇ ਪਰਚਾਰ ਨੂੰ ਮੁਖ ਰਖ ਕੇ ਚਲਾਇਆ ਜਾ ਰਿਹਾ ਹੈ।
ਇਸ ਪਰਚੇ ਵਿਚ ਗੁਰਬਾਣੀ ਦੇ ਅਧਾਰ ਤੇ ਗੁਰਮਤਿ, ਸਿਖ ਇਤਿਹਾਸ ਸਬੰਧੀ ਪ੍ਰਮਾਣੀਕ ਲੇਖ ਅਤੇ ਸਚਖੰਡ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਸਮੂੰਹ ਕੀਰਤਨੀ ਜੱਥਿਆਂ ਦੇ ਦੇ ਜਨਰਲ ਪਰੋਗਰਾਮ ਛਪਦੇ ਹਨ।
* ਇਸ ਪਰਚੇ ਵਿਚੋਂ ਕਿਸੇ ਨੂੰ ਕੋਈ ਜ਼ਾਤੀ ਲਾਭ ਨਹੀਂ।
* ਇਹ ਪਰਚਾ ਆਪ ਸਭ ਦਾ ਸਾਂਝਾ ਹੈ। ਸੋ ਹਰ ਗੁਰਸਿਖ ਨੂੰ ਜੋ ਇਸ ਪਰਚੇ ਦਾ ਮੈਂਬਰ ਨਹੀਂ ਬਣਿਆ ਛੇਤੀ ਤੋਂ ਛੇਤੀ ਹੇਠ ਲਿਖੇ ਪਤੇ ਤੇ ਪਰਚੇ ਦਾ ਸਾਲਾਨਾ ਚੰਦਾ ਕੇਵਲ ਪੰਜ ਰੁਪੈ ਭੇਜਕੇ ਮੈਂਬਰ ਬਣਨਾ ਚਾਹੀਦਾ ਹੈ।

ਨੋਟ :—ਮਾਸਕ ਪੱਤਰ "ਸੂਰਾ" ਦਾ ਦਫਤਰ ਇਸ ਮਹੀਨੇ ਤੋਂ ਪਟਿਆਲੇ ਬਦਲ ਦਿਤਾ ਗਿਆ ਹੈ। ਸੋ ਅਗੇ ਤੋਂ ਪਾਠਕ ਹਰ ਪਰਕਾਰ ਦਾ ਚਿਠੀ ਪੱਤਰ ਹੇਠ ਲਿਖੇ ਪਤੇ ਤੇ ਕਰਨ।

ਮੈਨੇਜਰ "ਸੂਰਾ"
੫੯੪-੩, ਖਾਲਸਾ ਮਹੱਲਾ, ਪਟਿਆਲਾ।

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸ ਜੁਗਿ ਮਹਿ, ਸੋ ਕਹੀਅਤ ਹੈ ਸੂਰਾ ॥




## ਗੁਰਮਤਿ ਪ੍ਰਚਾਰਕ ਮਾਸਕ ਪੱਤਰ

ਜਿਲਦ ਨੰ: ੧ ਹਾੜ-ਸਾਵਣ ੪੯੭ ਨਾਨਕ ਸ਼ਾਹੀ ਅੰਕ ਨੰ: ੬

ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ ॥
ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ ॥
ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ ॥
ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ ॥
ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖ ਅਪਾਰੁ ॥
ਹਰਿ ਮਿਲਣੈ ਨੋ ਮਨੁ ਲੋਚਦਾ ਕਰਮਿ ਮਿਲਾਵਣਹਾਰੁ ॥
ਜਿਨੀ ਸਖੀਏ ਪ੍ਰਭੁ ਪਾਇਆ ਹੰਉ ਤਿਨ ਕੈ ਸਦ ਬਲਿਹਾਰ ॥
ਨਾਨਕ ਹਰਿ ਜੀ ਮਇਆ ਕਰਿ ਸਬਦਿ ਸਵਾਰਣਹਾਰੁ ॥
ਸਾਵਣੁ ਤਿਨਾ ਸੁਹਾਗਣੀ ਜਿਨ ਰਾਮਨਾਮੁ ਉਰਿ ਹਾਰੁ ॥

(ਬਾਰਹ ਮਾਹਾ ਮਾਂਝ, ਮਹਲਾ ੫, ਘਰੁ ੪)

ਆਨਰੇਰੀ ਐਡੀਟਰ :-
ਮਨੋਹਰ ਸਿੰਘ

**ਜੁਲਾਈ ੧੯੬੬**

ਸਲਾਹਕਾਰ ਬੋਰਡ :-
ਬਾਊ ਮਲ ਸਿੰਘ ਜੀ, ਭਾਈ ਜੋਗਿੰਦਰ ਸਿੰਘ ਜੀ,
ਭਾਈ ਮਹਿੰਦਰ ਸਿੰਘ ਜੀ, ਭਾਈ ਸੇਵਾ ਸਿੰਘ ਜੀ,
ਭਾਈ ਅਜੀਤ ਸਿੰਘ ਜੀ, ਭਾਈ ਮਨਮੋਹਨ ਸਿੰਘ ਜੀ,

www.AKJ.Org

# ਦੋ ਸ਼ਬਦ

(ਭਾਈ ਜੋਗਿੰਦਰ ਸਿੰਘ ਜੀ ਤਲਵਾੜਾ)

[ਸਮੂੰਹ ਅਖੰਡ ਕੀਰਤਨੀ ਜੱਥੇ, ਸਭਾ, ਸੋਸਾਇਟੀਆਂ ਤੇ ਸੰਗਤਾਂ ਇਹ ਜਾਣ ਕੇ ਪ੍ਰਸੰਨ ਹੋਣ-ਗੀਆਂ ਕਿ ਗੁਰਮਤਿ ਦੇ ਪਰਚਾਰ ਨੂੰ ਮੁਖ ਰਖਕੇ ਅਖੰਡ ਕੀਰਤਨੀ ਜੱਥਾ ਪਟਿਆਲਾ ਵਲੋਂ ਵਧੀਆ ਕਾਗਜ਼ ਤੇ ਵਧੀਆ ਛਪਵਾਈ ਸਹਿਤ ਲਾਗਤ ਭੇਟਾ ਤੇ ਇਕ ਟ੍ਰੈਕਟ ਲੜੀ ਸ਼ੁਰੂ ਕੀਤੀ ਜਾ ਰਹੀ ਹੈ। ਇਸ ਲੜੀ ਦਾ ਪਹਿਲਾ ਟ੍ਰੈਕਟ "ਜੇਲ-ਚਿਠੀਆਂ" ਕ੍ਰਿਤ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਵਿਚੋਂ "ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ" ਸਿਰਲੇਖ ਹੇਠ ਦਿਤਾ ਜਾ ਰਿਹਾ ਹੈ। ਇਸ ਦੀ ਭੂਮਿਕਾ "ਦੋ ਸ਼ਬਦ" ਸਿਰਲੇਖ ਹੇਠ ਭਾਈ ਜੋਗਿੰਦਰ ਜੀ ਤਲਵਾੜਾ ਨੇ ਲਿਖੀ ਹੈ ਜੋ ਹੇਠਾਂ ਸੰਗਤਾਂ ਦੇ ਭੇਟ ਕੀਤੀ ਜਾ ਰਹੀ ਹੈ। —ਐਡੀਟਰ ]

ਮਹਾਂ ਪੁਰਸ਼ਾਂ ਦੇ ਜੀਵਨ ਜਗਿਆਸੂਆਂ ਲਈ ਚਾਨਣ ਮੁਨਾਰੇ ਹੁੰਦੇ ਹਨ। ਉਹਨਾਂ ਦੇ ਜੀਵਨ ਦੇ ਹਰ ਪੱਖ ਚੋਂ ਮਨੁਖ ਨੂੰ ਚਾਨਣ, ਅਗਵਾਈ ਅਤੇ ਨਿਰਮਲ ਪਰੇਰਨਾ ਮਿਲਦੀ ਹੈ।

"ਜੇਲ੍ਹ ਚਿਠੀਆਂ" ਨਾਮੀ ਪੁਸਤਕ ਵਿਚ ਸਚਖੰਡ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਪਵਿਤਰ ਅਤੇ ਆਦਰਸ਼ਕ ਜੀਵਨ ਵਿਚ ਵਾਪਰੀਆਂ ਕੁਝ ਘਟਨਾਵਾਂ ਅੰਕਿਤ ਹਨ। ਇਸ ਪੁਸਤਕ ਰਾਹੀਂ ਜਿਥੇ ਸਤਿਕਾਰ ਯੋਗ ਭਾਈ ਸਾਹਿਬ ਜੀ ਦੇ ਜੀਵਨ ਸਬੰਧੀ ਕੁਝ ਜਾਣਕਾਰੀ ਪ੍ਰਾਪਤ ਹੁੰਦੀ ਹੈ। ਉਥੇ ਗੁਰਮਤਿ ਦੇ ਕਈ ਗੂੜ੍ਹ ਵਿਸ਼ਿਆਂ ਤੇ ਵੀ ਵਿਸ਼ੇਸ਼ ਚਾਨਣ ਪੈਂਦਾ ਹੈ।

"ਜੇਲ੍ਹ ਚਿਠੀਆਂ" ਪੁਸਤਕ ਪੜ੍ਹ ਕੇ ਅਨਗਿਣਤ ਪ੍ਰਾਣੀਆਂ ਨੂੰ ਗੁਰਮਤਿ ਨਾਲ ਪਿਆਰ ਉਪਜਿਆ ਹੈ ਅਤੇ ਉਚ-ਜੀਵਨ ਜੀਉਣ ਦਾ ਚਾਅ ਚੜ੍ਹਿਆ ਹੈ ਪਰ ਵੇਖਨ ਵਿਚ ਆਇਆ ਹੈ ਕਿ ਅਜੋਕੇ ਮਨੁਖੀ ਰੁਝੇਵਿਆਂ ਕਾਰਨ ਵਡੇ ਆਕਾਰ ਵਾਲੀਆਂ ਪੁਸਤਕਾਂ ਪੜ੍ਹਨ ਤੋਂ ਸੰਕੋਚ ਹੀ ਕੀਤਾ ਜਾਂਦਾ ਹੈ। ਇਸ ਨਾਲ ਅਜੇਹੀਆਂ ਮਾਨਸਿਕ ਰੁਚੀਆਂ ਨੂੰ ਮੁਖ ਰਖ ਕੇ ਇਹ ਪਰੇਰਨਾ ਹੋਈ ਹੈ ਕਿ ਇਸ ਪੁਸਤਕ ਵਿਚ ਆਈਆਂ ਕੁਝ ਕੁ ਵਿਲੱਖਣ, ਤੇ ਰਹਸ-ਉਪਜਾਊ ਘਟਨਾਵਾਂ ਨੂੰ ਛੋਟੇ ਛੋਟੇ ਟ੍ਰੈਕਟਾਂ ਰਾਹੀਂ ਪ੍ਰਕਾਸ਼ਤ ਕਰਕੇ ਗੁਰਸਿਖ ਜਨਤਾ ਤਕ ਪੁਚਾਇਆ ਜਾਵੇ, ਤਾਂ ਜੁ ਅਨਗਿਣਤ ਨਾਮ ਢੂੰਢਾਊ ਰੂਹਾਂ ਜੋ ਅਖੌਤੀ ਗੁਰੂਆਂ ਦੇ ਜਾਲ ਵਿਚ ਫਸੀਆਂ ਹੋਈਆਂ ਡਿੰਭੀ ਗੁਰੂਆਂ ਤੋਂ ਨਾਮ ਦਾਤ ਦੀ ਬਿਰਥਾ ਆਸ ਲਾਈ ਬੈਠੀਆਂ ਹਨ, ਉਹ ਇਸ ਭਟਕਨਾਂ ਤੋਂ ਨਿਕਲ ਕੇ "ਗੁਰਮਤਿ ਗਾਡੀ ਰਾਹ" ਤੇ ਚਲਾਕੇ "ਸਫਲ ਸਫਲ ਭਈ ਸਫਲ ਜਾਤ੍ਰਾ" ਮਈ ਗੁਰ-ਅਸੀਸ ਦੇ ਪਾਤਰ ਬਣ ਸਕਣ॥

ਇਹ ਟਰੈਕਟ "ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ" ਇਸ ਲੜੀ ਦੀ ਪਹਿਲੀ ਕਿਸ਼ਤ ਹੈ। ਬਾਕੀ ਟਰੈਕਟ ਵੀ ਛੇਤੀ ਹੀ ਪ੍ਰਕਾਸ਼ਤ ਕਰਨ ਦਾ ਯਤਨ ਕੀਤਾ ਜਾਵੇਗਾ। ਇਸ ਟਰੈਕਟ ਵਿਚ ਹੇਠ ਲਿਖੇ ਵਿਸ਼ਿਆਂ ਤੇ ਵਿਚਾਰ ਹੈ :—

੧. ਗੁਰਮਤਿ ਨਾਮ ਕੀ ਹੈ ?
੨. ਖੰਡੇ ਦੀ ਪਾਹੁਲ (ਅੰਮ੍ਰਿਤ) ਦੀ ਕੀ ਮਹਾਨਤਾ ਹੈ ?
੩. ਗੁਰਬਾਣੀ ਪੜ੍ਹਨ, ਸੁਨਣ ਅਤੇ ਨਾਮ ਅਭਿਆਸ ਦੀਆਂ ਕੀ ਬਰਕਤਾਂ ਹਨ ?
੪. ਜੋਤਿ-ਪਰਕਾਸ਼ ਤੇ ਦਸਮ-ਦੁਆਰ, ਗਗਨ ਉਡਾਰੀ ਦੀ ਰਹਸ-ਮਈ ਕਲਾ ਕਿਵੇਂ ਵਾਪਰਦੀ ਹੈ ? ਇਤ ਆਦਿ।



www.AKJ.Org

# * ਮਾਸਕ ਪੱਤਰ "ਸੂਰਾ" ਪਟਿਆਲੇ ਵਿਖੇ *

ਦਸੰਬਰ ੧੯੬੫ ਵਿਚ ਪਟਿਆਲੇ ਦੀ ਸੰਗਤ ਨੇ ਅਪਾਰ ਬਖਸ਼ਸ਼ ਕਰਕੇ ਇਸ ਪਰਚੇ ਦੀ ਸੇਵਾ ਕਰਨ ਦਾ ਮਾਣ ਦਾਸ ਨੂੰ ਬਖਸ਼ਿਆ। ਸੋ ਸਰਬਤ ਸੰਗਤਾਂ ਦੇ ਪੂਰਨ ਸਹਿਯੋਗ ਨਾਲ ਸਚੇ ਪਾਤਸ਼ਾਹ ਦੀ ਅਪਾਰ ਬਖਸ਼ਸ਼ ਨਾਲ ਇਹ ਪਰਚਾ ਫਰਵਰੀ ੧੯੬੬ ਵਿਚ ਪਹਿਲੀ ਵਾਰ ਸ੍ਰੀ ਅੰਮ੍ਰਿਤਸਰ ਜੀ ਤੋਂ ਪਾਠਕਾਂ ਦੇ ਹਥ ਪਹੁੰਚਿਆ। ਹੁਣ ਛੇਵਾਂ ਪਰਚਾ ਜੁਲਾਈ ੧੯੬੬ ਦਾ ਨਵੇਂ ਰੂਪ, ਨਵੇਂ ਆਕਾਰ, ਤੇ ਨਵੇਂ ਪ੍ਰਬੰਧਕਾਂ ਅਧੀਨ ਪਟਿਆਲੇ ਸ਼ਹਿਰ ਤੋਂ ਪਾਠਕਾਂ ਦੇ ਹਥ ਪੁਜ ਰਿਹਾ ਹੈ।

"ਜਿਸ ਕਾ ਕਾਰਜ ਤਿਨਹੀ ਕੀਆ, ਮਾਨਸ ਕਿਆ ਵੇਚਾਰਾ ਰਾਮ।" ਗੁਰਵਾਕ ਅਨੁਸਾਰ ਸਚੇ ਪਤਿਸ਼ਾਹ ਜੀ ਨੇ ਆਪ ਬਖਸ਼ਸ਼ ਕਰਕੇ ਸੰਗਤਾਂ ਦੇ ਸਹਿਯੋਗ ਨਾਲ ਇਹ ਕਾਰਜ ਸਿਰੇ ਚਾੜ੍ਹਿਆ ਹੈ। ਹੁਣ ਚੂੰਕਿ ਕੁਝ ਘਰੋਗੀ ਕੰਮਾਂ ਕਾਰਨ ਦਾਸ ਇਹ ਸੇਵਾ ਕਰਨ ਤੋਂ ਅਸਮਰਥ ਸੀ ਸੋ ਦਾਸ ਨੂੰ ਖੁਸ਼ੀ ਹੈ ਕਿ ਪਟਿਆਲੇ ਦੀ ਸੰਗਤ ਨੇ ਸੁਹਿਰਦ ਵੀਰ ਸ੍ਰ: ਮਨੋਹਰ ਸਿੰਘ ਜੀ ਨੂੰ ਸੇਵਾ ਸੌਂਪੀ ਹੈ। ਦਾਸ ਨੂੰ ਆਸ ਹੈ ਕਿ ਉਹ ਇਹ ਸੇਵਾ ਬੜੇ ਯੋਗ ਢੰਗ ਨਾਲ ਨਿਭਾ ਸਕਣਗੇ।

ਦਾਸ ਸਮੂੰਹ ਸੰਗਤਾਂ ਅਤੇ ਖਾਸ ਕਰਕੇ ਆਪਣੇ ਸਨਮਾਨ ਯੋਗ ਵੀਰ ਗਿਆਨੀ ਜਸਵੰਤ ਸਿੰਘ ਜੀ ਬੀ.ਏ.,ਬੀ.ਟੀ. ਦਾ ਧੰਨਵਾਦੀ ਹੈ ਜਿਨ੍ਹਾਂ ਨੇ ਦਾਸ ਨਾਲ ਮੋਢੇ ਨਾਲ ਮੋਢਾ ਡਾਹ ਕੇ ਐਡੀਟਰੀ ਦੀ ਸੇਵਾ ਬੜੀ ਸੁਯੋਗਤਾ ਨਾਲ ਨਿਭਾਈ। ਇਤਨੇ ਸਮੇਂ ਵਿਚ ਦਾਸ ਕੋਲੋਂ ਅਨੇਕ ਪ੍ਰਕਾਰ ਦੀਆਂ ਭੁਲਾਂ ਹੋਈਆਂ ਹੋਣਗੀਆਂ ਸੋ ਆਸ ਹੈ ਕਿ ਸੰਗਤਾਂ ਖਿਮਾਂ ਕਰਨਗੀਆਂ।

ਦਾਸ ਦੀ ਇਹ ਅਰਦਾਸ ਹੈ ਕਿ ਸਚਾ ਪਾਤਿਸ਼ਾਹ ਇਸ ਪਰਚੇ ਦੇ ਪ੍ਰਬੰਧਕਾਂ ਨੂੰ ਉਦਮ ਤੇ ਬਲ ਬਖਸ਼ੇ ਤੇ ਇਹ ਪਰਚਾ ਦਿਨ ਦੁਗਣੀ ਤੇ ਰਾਤ ਚੁਗਣੀ ਤਰਕੀ ਕਰੇ।

ਸੰਗਤਾਂ ਦਾ ਭੁਲਣਹਾਰ, ਚਰਨਧੂੜ ਦਾ ਲੋਚਕ :–ਜਸਬੀਰ ਸਿੰਘ

## ਬੇਨਤੀ

ਸਤਿਕਾਰ ਯੋਗ ਗੁਰੂ ਰੂਪ ਸੰਗਤ ਜੀਓ,

ਦਾਸ ਨੂੰ ਜਿਹੜੀ ਸੇਵਾ "ਸੂਰਾ" ਪਰਚੇ ਦੇ ਸਬੰਧ ਵਿਚ ਗੁਰਸੰਗਤ ਵਲੋਂ ਬਖਸ਼ੀ ਗਈ ਹੈ, ਦਾਸ ਇਸ ਦੇ ਲਾਇਕ ਨਹੀਂ ਸੀ। ਦਾਸ ਤਾਂ ਅਵਗਣ ਭਰਪੂਰ, ਅਪੱਗ ਤੇ ਨਿਰਗੁਰਣਹਾਰਾ ਹੈ। ਪਰੰਤੂ ਗੁਰਸੰਗਤ ਦਾ ਹੁਕਮ ਸਿਰਮਥੇ ਤੇ। ਇਹ ਸੇਵਾ ਜਿਵੇਂ ਸਚੇ ਪਾਤਸ਼ਾਹ ਤੇ ਗੁਰਸੰਗਤ ਕਰਵਾਏਗੀ ਤਿਵੇਂ ਸੰਗਤਾਂ ਦੀ ਭੇਟਾ ਹੁੰਦੀ ਰਹੇਗੀ। ਗੁਰਸੰਗਤ ਦਾਸ ਲਈ ਅਰਦਾਸ ਕਰੇ ਕਿ ਸਚੇ ਪਾਤਸ਼ਾਹ ਦਾਸ ਨੂੰ ਇਹ ਸੌਂਪੀ ਗਈ ਸੇਵਾ ਵਿਚ ਆਪ ਅਗਵਾਈ ਕਰਨ ਤਾਂ ਜੋ ਗੁਰਸੰਗਤ ਦੇ ਜੋੜੇ ਝਾੜ ਸਕੀਏ।

ਅਵਗੁਣੀ ਭਰਪੂਰ :–ਮਨੋਹਰ ਸਿੰਘ

## ਧੰਨਵਾਦਿ

ਅਸੀਂ ਭਾਈ ਜਸਬੀਰ ਸਿੰਘ ਜੀ 'ਬੀਰ' ਦੇ ਅਤੀ ਰਿਣੀ ਹਾਂ ਜਿਨ੍ਹਾਂ ਨੇ ਇਸ ਮਾਸਕ ਪੱਤਰ "ਸੂਰਾ" ਦੀ ਪਰਿੰਟਰ ਤੇ ਪਬਲਿਸ਼ਰ ਦੀ ਸੇਵਾ ਬੜੀ ਸੁਚਜਤਾ ਤੇ ਜ਼ਿਮੇਂਵਾਰੀ ਨਾਲ ਨਿਭਾਈ ਹੈ।

ਗੁਰ ਸੰਗਤ ਵਲੋਂ ਇਸ ਸੇਵਾ ਬਦਲੇ ਭਾਈ ਜਸਬੀਰ ਸਿੰਘ ਜੀ 'ਬੀਰ' ਨੂੰ ਸਿਰੋਪਾਓ ਭੇਟਾ ਕੀਤਾ ਗਿਆ ਤੇ ਇਹਨਾਂ ਦੀ ਕੀਤੀ ਗਈ ਸੇਵਾ ਦੀ ਸ਼ਲਾਘਾ ਕੀਤੀ ਗਈ। ਅਸੀਂ ਆਸ ਕਰਦੇ ਹਾਂ ਕਿ ਅਗੋਂ ਵਾਸਤੇ ਭੀ ਉਹ ਸਹਿਯੋਗ ਦਿੰਦੇ ਰਹਿਣਗੇ।

ਭਾਈ ਮਨੋਹਰ ਸਿੰਘ ਜੀ ਹੁਣ ਗੁਰਸੰਗਤ ਵਲੋਂ ਨਵੇਂ ਐਡੀਟਰ ਪ੍ਰਿੰਟਰ, ਤੇ ਪਬਲਿਸ਼ਰਜ਼ ਥਾਪੇ ਗਏ ਹਨ। ਅਸੀਂ ਆਸ ਕਰਦੇ ਹਾਂ ਕਿ ਉਹ ਆਪਣੀ ਸੇਵਾ ਪੂਰੀ ਜ਼ਿੰਮੇਂਵਾਰੀ ਨਾਲ ਨਿਭਾਉਣਗੇ। ਗੁਰਸੰਗਤ ਦੀਆਂ ਅਸੀਸਾਂ ਉਹਨਾਂ ਦੇ ਨਾਲ ਹਨ।

ਵਲੋਂ :–ਸੰਗਤ ਪਟਿਆਲਾ।

www.AKJ.Org

# ਅਖੰਡ ਕੀਰਤਨ ਸਮਾਗਮ

ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਸਮੂੰਹ ਅਖੰਡ ਕੀਰਤਨੀ ਜੱਥਿਆਂ ਦੀ ਸੇਵਾ ਵਿਖੇ ਬਿਨੈ ਹੈ ਕਿ ਉਹ ਹਰ ਮਹੀਨੇ ਦੇ ਆਖਰੀ ਹਫਤੇ ਆਪਣਾ ਅਗਲੇ ਮਹੀਨੇ ਭਰ ਦਾ ਪਰੋਗਰਾਮ ਸੈਟ ਕਰਕੇ ਹੇਠ ਲਿਖੇ ਐਡਰੈਸ ਤੇ ਜ਼ਰੂਰ ਬ ਜ਼ਰੂਰ ਭੇਜਨ ਦੀ ਖੇਚਲ ਕਰਿਆ ਕਰਨ ਤਾਂ ਜੋ ਸਾਰੇ ਪਰੋਗਰਾਮ ਇਸ ਕਾਲਮ ਵਿਚ ਛਪ ਕੇ ਗੁਰਮੁਖ ਪਿਆਰਿਆਂ ਤਕ ਪੁਜ ਸਕਣ। ਜਨਰਲ ਪਰੋਗਰਾਮ ਇਕ ਮਹੀਨਾਂ ਪਹਿਲਾਂ ਪੁਜਣੇ ਚਾਹੀਦੇ ਹਨ।

ਮੈਨੇਜਰ "ਸੂਰਾ"
੫੯੪/੩, ਖਾਲਸਾ ਮਹਲਾ,
ਪਟਿਆਲਾ।

ਅਖੰਡ ਕੀਰਤਨੀ ਜੱਥਾ ਪਟਿਆਲਾ ਦਾ ਹਫਤਾਵਾਰੀ ਕੀਰਤਨ ਪਰੋਗਰਾਮ :—

੧੬.੭.੧੯੬੬ ਸ਼ਨੀਵਾਰ, ਅੰਮ੍ਰਿਤ ਵੇਲੇ ਪੰਜ ਵਜੇ ਤੋਂ ਅਠ ਵਜੇ ਤਕ। ਸਹਿਜ ਘਰ, ਸਾਹਮਣੇ ਯਾਦਵਿੰਦਰਾ ਸਟੇਡੀਅਮ, ਪਟਿਆਲਾ ਵਿਖੇ।

੧੬.੭.੧੯੬੬ ਸ਼ਨੀਵਾਰ, ਸ਼ਾਮ ਸਾਢੇ ਅਠ ਵਜੇ, ਪਰਾਰੰਭ ਰੈਣ ਸਬਾਈ ਕੀਰਤਨ, ਗੁਰਦਵਾਰਾ ਜੰਗੀ ਜਥਾ, ਰਾਘੋ ਮਾਜਰਾ, ਪਟਿਆਲਾ ਵਿਖੇ।

੨੪-੭-੧੯੬੬ ਐਤਵਾਰ, ਅੰਮ੍ਰਿਤ ਵੇਲੇ ਪੰਜ ਵਜੇ ਤੋਂ ਦਿਨ ਸੁਵੇਲਾ। ਭਾਈ ਹਰਮੇਲ ਸਿੰਘ ਜੀ ਮਹਲਾ ਕਲੇਰਾਂ, ਨੇੜੇ ਤਵਕਲੀ ਮੋੜ, ਪਟਿਆਲਾ ਵਿਖੇ।

੩੧.੭.੧੯੬੬ ਐਤਵਾਰ, ਅੰਮ੍ਰਿਤ ਵੇਲੇ ਪੰਜ ਵਜੇ ਤੋਂ ਦਿਨ ਸੁਵੇਲਾ। ਭਾਈ ਰਣਬੀਰ ਸਿੰਘ ਜੀ ਡਾਕਟਰ ਨਾਲੇ ਵਾਲੇ ਦੇ ਪਿਛਲੇ ਪਾਸੇ, ਨਜ਼ਦੀਕ ਅਨਾਰਦਾਨਾ ਚੌਕ, ਪਟਿਆਲਾ।

ਨੋਟ :—ਹਰ ਸਮਾਗਮ ਤੇ ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਰਚਿਤ ਪੁਸਤਕਾਂ ਮਿਲ ਸਕਦੀਆਂ ਹਨ।

## ਅੰਬਾਲਾ ਛਾਵਣੀ ਅਤੇ ਅੰਬਾਲਾ ਸ਼ਹਿਰ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

ਸਮੂੰਹ ਸੰਗਤਾਂ ਇਹ ਜਾਣ ਕੇ ਅਤਿਅੰਤ ਪ੍ਰਸੰਨ ਹੋਣਗੀਆਂ ਕਿ ਗੁਰਪੁਰਵਾਸੀ ਭਾ.ਸਾ.ਭਾ. ਰਣਧੀਰ ਸਿੰਘ ਜੀ ਦੇ ਸਮੂੰਹ ਅਖੰਡ ਕੀਰਤਨੀ ਜੱਥੇ ੧੩-੧੪-੧੫ ਅਗਸਤ ੧੯੬੬ ਦਿਨ ਸ਼ਨੀਵਾਰ ਐਤਵਾਰ ਤੇ ਸੋਮਵਾਰ ਨੂੰ ਅੰਬਾਲਾ ਛਾਉਣੀ ਅਤੇ ਅੰਬਾਲਾ ਸ਼ਹਿਰ ਵਿਖੇ ਪਿਛਲੇ ਸਾਲ ਦੀ ਤਰ੍ਹਾਂ ਪੁਜ ਰਹੇ ਹਨ। ਜਿਨ੍ਹਾਂ ਦਾ ਕੀਰਤਨ ਪਰੋਗਰਾਮ ਵਿਸਥਾਰ ਸਹਿਤ ਛੇਤੀ ਹੀ ਪਰਕਾਸ਼ਤ ਕਰ ਦਿਤਾ ਜਾਵੇਗਾ। ਸੋ ਸੰਗਤਾਂ ਹੁਣ ਤੋਂ ਹੀ ਇਸ ਪਰੋਗਰਾਮ ਵਿਚ ਵਧ ਤੋਂ ਵਧ ਸ਼ਾਮਲ ਹੋਣ ਦੀਆਂ ਤਿਆਰੀਆਂ ਅਰੰਭ ਦੇਣ।



www.AKJ.Org

# ਸਿਰੀ ਦਸਮੇਸ਼ ਪੂਰਨੇ

(ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

ਪ੍ਰਮਾਰਥ ਸਬੰਧੀ ਧਾਰਮਕ ਕੁਰਬਾਨੀ ਦੇ ਜੋ ਪੂਰਨੇ ਸਿਰੀ ਦਸਮੇਸ਼ ਗੁਰੂ ਪਾਤਸ਼ਾਹ ਨੇ ਪਾਏ ਹਨ ਉਹ ਅਜ ਤਾਈਂ ਕਿਸੇ ਧਾਰਮਕ ਆਗੂ ਨੇ ਯਾ ਰੀਫਾਰਮਰ ਨੇ ਨਹੀਂ ਪਾਏ, ਨਾ ਪਾਉਣੇ ਹਨ।

(੧) ਪਹਿਲਾ ਪੂਰਨਾ ਸਚੀ ਅਤੇ ਸੁਚੀ ਨਿਰਭੈਤਾ ਦਾ ਹੈ। ਅਠ ਸਾਲ ਦੀ ਛੋਟੀ ਉਮਰ ਵਿਚ ਹੀ ਅਤਿ ਨਿਰਭੈ ਹੋ ਕੇ ਪਿਤਾ ਜੀ ਨੂੰ ਮਜ਼ਲੂਮਾਂ ਨਮਿਤ ਕੁਰਬਾਨੀ ਦੀ ਪਰੇਰਨਾ ਕਰਨੀ ਸਚੀ ਨਿਰਭੈਤਾ ਦੀ ਸਪਿਰਟ ਦਾ ਲਖਾਇਕ ਹੈ। ਪਿਤਾ ਜੀ ਸਿਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਹੋਨਹਾਰ ਗੁਰੂ ਗੋਬਿੰਦ ਸਿੰਘ ਜੀ ਅੰਦਰ ਨਿਰਭੈਤਾ ਵਾਲੀ ਸਚੀ ਸਪਿਰਟ ਦੇਖਕੇ ਮਜ਼ਲੂਮਾਂ ਨਮਿਤ ਨਿਸਕਾਮਤਾ ਸਹਿਤ ਕੁਰਬਾਨ ਹੋਣ ਦੀ ਠਾਣੀ ਤਾਂ ਕੇਵਲ ਸਿਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਨਿਰਭੈਤਾ ਵਾਲੀ ਸਪਿਰਟ ਦੇਖਕੇ ਹੀ ਠਾਣੀ।

ਦੂਜੀ ਨਿਰਭੈਤਾ ਵਾਲੀ ਸਪਿਰਟ ਸਿਰੀ ਗੁਰੂ ਦਸਮੇਸ਼ ਜੀ ਨੇ ਗੁਰਤਾ ਦੀ ਗਦੀ ਸਾਂਭਣ ਸਾਰ ਹੀ ਦਿਖਾਈ ਸਚੀ ਸੂਰਬੀਰਤਾ ਦੀ ਸਪਿਰਟ ਨਾ ਸਿਰਫ ਆਪਣੇ ਅੰਦਰ ਹੀ ਭਰਕੇ ਦਰਸਾਈ ਬਲਕਿ ਸਾਰੇ ਪੰਥ ਅੰਦਰ ਭੀ ਇਹੋ ਸਪਿਰਟ ਭਰੀ। ਅੰਤਰਿ ਆਤਰੇ ਨਾਮ ਦਾ ਖੰਡਾ ਬਦਸਤੂਰ ਖੜਕੌਂਦੇ ਹੋਏ ਧਰਮ ਯੁਧ ਹਿਤ ਖੜਗੇਸੀ ਖੰਡਾ ਖੜਕਾਉਣ ਦੀ ਇਸ ਬਿਧ ਪਰੇਰਨਾ ਕੀਤੀ। ਯਥਾ :-

ਧੰਨ ਜੀਓ ਤਿਹ ਕੋ ਜਗ ਮੈਂ ਮੁਖ ਤੇ ਹਰ ਚਿਤ ਮਹਿ ਜੁਧੁ ਬਿਚਾਰੈ ॥ ਦੇਹ ਅਨਿਤ ਨ ਨਿਤ ਰਹੈ, ਜਸੁ ਨਾਵ ਚੜ੍ਹੈ ਭਵ ਸਾਗਰ ਤਾਰੈ ॥ ਧੀਰਜ ਧਾਮ ਬਨਾਇ ਇਹੈ ਤਨ ਬੁਧ ਸੁ ਦੀਪਕ ਜਿਉ ਉਜਿਆਰੈ ॥ ਗਿਆਨਹਿ ਕੀ ਬਢਨੀ ਮਨੋਹਾਥ ਲੈ ਕਾਤੁਰਤਾ ਕੁਤਵਾਰ ਬਹਾਰੈ ॥"

ਹਾਂ ਜੀ ! ਇਸ ਬਿਧ ਨਿਰਭੈਤਾ ਵਾਲੇ ਸਚੇ ਪਰਮਾਰਥੀ ਪੂਰਨਿਆਂ ਨੂੰ ਦਰਸਾਇਕੇ ਸਾਰੇ ਪੰਥ ਨੂੰ ਉਭਾਰਿਆ ਵੰਗਾਰਿਆ। ਚਿਤ ਅੰਦਰਿ ਯੁਧ ਕਰਨ ਦਾ ਜੋਸ਼ ਚਿਤਾਰ ਕੇ ਭੀ ਮੁਖੋਂ ਨਾਮ ਦਾ ਸਚਾ ਖੜਗੇਸੀ ਖੰਡਾ ਭੀ ਨਾਲੋ ਨਾਲ ਖੜਕਾਈ ਜਾਣਾ ਲਾਜ਼ਮੀ ਹੈ। ਇਹ ਬਿਧ ਕੇਵਲ ਏਸੇ ਬਿਧ ਹੀ ਸਫਲਤਾ ਹੋ ਸਕਦੀ ਹੈ।

"ਦੇਹ ਅਨਿਤ ਦਾ ਨਿਤ ਰਹੈ" ਦੀ ਸਚੀ ਸੂਰਮਤਾਈ ਦੀ ਜੰਗੀ ਸਪਿਰਟ ਆਪਣੇ ਅਤਿ ਛੋਟੀ ਉਮਰ ਵਾਲਿਆਂ ਸਾਹਿਬਜ਼ਾਦਿਆ ਅੰਦਰ ਐਸੀ ਭਰੀ ਕਿ ਉਹ ਨਿਰਭੈ ਹੋਕੇ ਐਸੇ ਜੂਝੇ ਕਿ ਰੰਚਕ ਮਾਤਰ ਭੀ ਆਪਣੀ ਜ਼ਿੰਦਗੀ ਨਾਲਿ ਪਿਆਰ ਨਹੀਂ ਪਾਇਆ। ਅਮਲੀ ਤੌਰ ਤੇ ਇਹ ਮਿਸਾਲ ਕਾਇਮ ਕਰਕੇ ਦਿਖਾਈ ਕਿ ਬਪੜੀ ਚਾਰ ਦਿਹਾੜੇ ਰਹਿਣ ਵਾਲੀ ਦੇਹੀ ਦਾ ਰੰਚਕ ਖਿਆਲ ਨ ਰਖਦੇ ਨਿਸਕਾਮਤਾ ਸਹਿਤ ਬਲੀ-ਦਾਨ ਹੋਏ। ਜਨਮਨ ਸਾਰ ਹੀ ਸਾਹਿਬ ਜ਼ਾਦਿਆਂ ਦੇ ਦਿਲ ਦਿਮਾਗ ਅੰਦਰਿ ਸਚੜੇ ਨਾਮ ਅਭਿਆਸ ਦਾ ਮਾਦਾ ਐਸਾ ਕੁਟ ਕੁਟਕੇ ਭਰਿਆ ਕਿ ਜਿਸ ਦੇ ਤੁਫੈਲ ਮਰਨ ਦੀ ਚਿੰਤਾ ਤੇ ਜੀਵਨ ਦੀ ਲਾਲਸਾ ਹੀ ਬਿਨਸ ਗਈ। "ਮਰਨੇ ਕੀ ਚਿੰਤਾ ਨਹੀਂ ਜੀਵਨ ਕੀ ਨਹੀਂ ਆਸ ॥" ਦੇ ਗੁਰਵਾਕ ਭਾਵ ਵਾਲੇ ਅਮਲੀ ਪੂਰਨੇ ਪਾਕੇ ਦਿਖਾਏ, ਸਚ ਮੁਚ ਇਹ ਅਮਲੀ ਪੂਰਨਿਆਂ ਵਾਲਾ ਸਚੜਾ ਗੁਰਵਾਕ ਮਨ ਅੰਦਰ ਵਸਦਾ ਹੈ। ਜਦੋਂ ਸਚੜੇ ਨਾਮ ਅਭਿਆਸ ਵਾਲਾ ਸਚੜਾ ਰਸ ਹਿਰਦੇ ਅੰਦਰ



www.AKJ.Org

ਬਸਿਆ ਰਸਿਆ ਹੋਵੇ। ਸਚੀ ਨਿਰਭੈਤਾ ਹੀ ਏਸੇ ਰਸ ਅੰਦਰ ਹੈ। ਜੋ ਏਸ ਰਸ ਤੋਂ ਸ਼ੂਨ ਹਨ ਉਹ ਨਿਰੀ ਲੌਕਿਕ ਵਡਿਆਈ ਦੇ ਕਾਰਨ ਹੰਕਾਰੇ ਰਹਿੰਦੇ ਹਨ। ਕਿਸੇ ਲੇਖੇ ਵੀ ਨਹੀਂ ਪੈਂਦੇ ਤਿੰਨਾਂ ਦੇ ਅਮਲ (ਕਰਮ)। ਧਰਮ ਹੇਤ ਉਹ ਸਚੀ ਨਿਰਭੈਤਾ ਨਿਸਕਾਮਤਾ ਵਾਲੀ ਸਪਿਰਟ ਸਹਿਤ ਸੰਧੂਰਤ ਹੋਕੇ ਸਚੜਾ ਪ੍ਰਮਾਰਥੀ ਜਸ ਭੀ ਖਟਦੇ ਹਨ, ਅਤੇ ਇਸ ਜਸ ਦੀ ਸਚੜੀ ਬੇੜੀ ਤੇ ਚੜ੍ਹਕੇ ਭਵ ਸਾਗਰ ਭੀ ਪਾਰ ਪੈਂਦੇ ਹਨ। ਦੁਨਿਆਵੀ ਜਸ ਆਪੇ ਹੀ ਉਨਾਂ ਦੇ ਮਗਰ ਲਗਿਆ ਫਿਰਦਾ ਹੈ। ਸਿਰੀ ਦਸਮੇਸ਼ ਜੀ ਦੀ ਪ੍ਰਵੇਸ਼ ਕੀਤੀ ਹੋਈ ਬੁਧ ਸਬੁਧੀ ਅੰਦਰਲੀ ਰਖੀ ਸਪਿਰਟ ਅਨੁਸਾਰ ਉਹ ਆਪਣੇ ਜੀਂਵਨ ਨੂੰ ਤਨ ਨੂੰ ਸਚੜੀ ਧੀਰਜਤਾ (ਸਹਿਨਸ਼ੀਲਤਾ) ਦਾ ਧਾਮ ਬਣਾ ਲੈਂਦੇ ਹਨ। ਉਹਨਾਂ ਦੀ ਬੁਧੀ ਭੀ ਸਬੁਧੀ ਹੋ ਜਾਂਦੀ ਹੈ। ਨਾਮ ਨਾਲਿ ਲਟ ਲਟ ਕਰਕੇ ਜਗਦੀ ਹੋਈ ਪਰਮਾਰਥਕ ਰੋਸ਼ਨੀ ਤਿਨਾਂ ਜਿੰਦੜੀਆਂ ਅੰਦਰ ਸਾਵਧਾਨਤਾ ਸਹਿਤ ਊਜਾਰਤ ਹੁੰਦੀ ਹੈ। ਅਤੇ ਡੋਲਣੋ ਬਚਾਉਂਦੀ ਹੈ। ਉਹਨਾਂ ਦੇ ਅੰਦਰ ਸਚੜਾ ਗੁਰਮਤਿ ਗਿਆਨ ਪ੍ਰਕਾਸ਼ਤ ਹੁੰਦਾ ਹੈ। ਉਹ ਆਪਣੇ ਹੀ ਨਹੀਂ ਸਗੋਂ ਸੰਸਾਰ ਭਰ ਦੇ ਦੁਖਾਂ ਨੂੰ ਕਟਣ ਦੇ ਸਮਰਥ ਹੋ ਜਾਂਦੇ ਹਨ। ਇਕ ਵੰਨਗੀ ਮਾਤਰ ਉਦਾਹਰਣ ਹੈ ਕਿ ਸ੍ਰੀ ਦਸਮੇਸ਼ ਜੀ ਨੇ ਨਿਰਭੈਤਾ ਵਾਲੀ ਸਪਿਰਟ ਪਰਵੇਸ਼ ਕਰਕੇ ਦਿਖਾਈ ਕਿ ਜਿਸ ਕਾਰਨ ਕਰਕੇ ਇਹ ਗੁਰਵਾਕ ਉਹਨਾ ਪ੍ਰਥਾਇ ਪੂਰਾ ਪੂਰਾ ਘਟਦਾ ਹੈ।

ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥

ਇਹ ਇਕ ਨਮੂਨੇ ਮਾਤਰ ਹੀ ਸ੍ਰੀ ਦਸਮੇਸ਼ ਜੀ ਦੇ ਪੂਰਨੇ ਨਿਰਭੈਤਾ ਵਾਲੀ ਸਪਿਰਟ ਦੀ ਅਜ਼ਮਤ ਨਿਰੂਪਨ ਹੈ। ਹੋਰ ਅਨੇਕ ਉਦਾਹਰਣਾਂ ਹਨ ਜਿਨਾਂ ਦੇ ਕਾਰਨ ਸ੍ਰੀ ਦਸਮੇਸ਼ ਜੀ ਦਾ ਪੂਰਨ ਜੀਵਨ ਹੀ ਏਸ ਪੂਰਨੇ ਨਾਲ ਭਰਿਆ ਪਿਆ ਹੈ। ਲੇਖ ਦੇ ਵਿਸਥਾਰ ਹੋਣ ਦੇ ਤੌਖਲੇ ਨਾਲ ਏਥੇ ਹੀ ਸਮਾਪਤ ਕੀਤਾ ਜਾਂਦਾ ਹੈ।

(੨) ਦੂਜਾ ਪੂਰਨਾ ਨਿਮਰਤਾ ਦਾ ਹੈ। ਸ੍ਰੀ ਦਸਮੇਸ਼ ਜੀ ਪਾਤਸ਼ਾਹ ਗੁਰੂ ਪਾਤਸ਼ਾਹ ਦਰਵੇਸ਼ ਸਦਵਾਉਂਦੇ ਸਨ। ਜਿਸ ਤੋਂ ਸਿਧ ਹੈ ਕਿ ਇਹਨਾਂ ਅੰਦਰਿ ਇਸ ਨਿੰਮ੍ਰਤਾ ਵਾਲੇ ਪੂਰਨਿਆਂ ਵਾਲੀ ਸਪਿਰਟ ਨਕਾ ਨਕ ਭਰੀ ਹੋਈ ਸੀ, ਜੈਸੇ ਕਿ ਪਹਿਲੇ ਦਰਸਾਇਆ ਗਿਆ।

(੩) ਤੀਜਾ ਪੂਰਨਾ ਜੋ ਸ੍ਰੀ ਦਸਮੇਸ਼ ਜੀ ਨੇ ਪਾਇਆ ਉਹ ਅਮਲੀ ਸਮ-ਦਸਰਤਾ ਵਾਲਾ ਹੈ। ਜ਼ਾਲਮਾਂ ਤੇ ਮਜ਼ਲੂਮਾਂ ਨੂੰ ਇਕੋ ਸਮ ਦ੍ਰਿਸ਼ਟੀ ਨਾਲਿ ਸ੍ਰੀ ਦਸਮੇਸ਼ ਪਿਤਾ ਜੀ ਨੇ ਜਾਚਿਆ। ਨਿਰਵੈਰਤਾ ਭੀ ਏਸੇ ਪੂਰਨੇ ਅੰਦਰਿ ਸਫਲੀ ਜਾਣਾਈ ਹੈ। ਸਚੇ ਪਾਤਸ਼ਾਹ ਸ੍ਰੀ ਗੁਰੂ ਦਸਮੇਸ਼ ਜੀ ਨੇ ਕਿਸੇ ਜਾਤੀ ਨਾਲ ਵੈਰ ਨਹੀਂ ਕੀਤਾ।

ਗੁਰੂ ਸਚੇ ਪਾਤਸ਼ਾਹ ਸਿਰੀ ਦਸਮੇਸ਼ ਜੀ ਦੀ ਦ੍ਰਿਸ਼ਟੀ ਅੰਦਰਿ ਜੈਸੇ ਮੁਸਲਮਾਨ ਸੀ ਵੈਸੇ ਹੀ ਹਿੰਦੂ। ਜ਼ਾਲਮ ਅਤੇ ਪਰਮਾਰਥੋਂ ਗੁਮਰਾਹ ਹੋਏ ਹੋਏ ਪਹਾੜੀਆਂ ਨਾਲਿ ਗੁਰੂ ਸਾਹਿਬ ਦਾ ਕੋਈ ਵੈਰ ਨਹੀਂ ਸੀ। ਜਦੋਂ ਪਹਾੜੀ ਰਾਜੇ ਪ੍ਰਮਾਰਥੋਂ ਗੁਮਰਾਹ ਹੋਏ ਤਾਂ ਸ੍ਰੀ ਦਸ਼ਮੇਸ਼ ਜੀ ਦੀ ਨਿਰਵੈਰ ਸਮਦ੍ਰਿਸ਼ਟੀ ਅੰਦਰਿ ਉਹਨਾਂ ਹੀ ਪਹਾੜੀਆਂ ਦੀ ਸੋਧਨਾ ਇਸ ਪਰਕਾਰ ਪਰਗਟ ਹੋਈ ਯਥਾ—

"ਮਨਮ ਕੁਸ਼ਤਨਮ ਕੋਹੀਆਂ ਪੁਰ ਫਿਤਨ ॥
ਕਿ ਆਂ ਬੂਤ ਪ੍ਰਸਤੰਦ ਮਨ ਬੁਤ ਸ਼ਿਕਨ ॥"

ਜਿਥੇ ਪਰਮਾਰਥ ਦੇ ਸਚੇ ਮਾਰਗ ਤੋਂ ਘੁਥਿਆਂ ਹਿੰਦੂਆਂ ਪਹਾੜੀਆਂ ਨਾਲ ਭੀ ਇਹ ਨਿਰਵੈਰ ਸਮ ਦ੍ਰਿਸ਼ਟੀ ਦਿਖਾਈ ਓਥੇ ਤਿਨ੍ਹਾਂ ਨਾਲਿ ਨਿਰਵੈਰ ਸਮਦਰਸਤਾ ਭੀ ਵਰਤੀ। ਜਦੋਂ ਪਹਾੜੀਆਂ ਦੀ ਪਾਪਾਂ ਗ੍ਰਸੀ ਬ੍ਰਿਤੀ ਉਕੀ ਹੀ ਪ੍ਰਮਾਰਥ ਤੋਂ ਸ਼ੂਨ ਹੋ ਗਈ ਸਗੋਂ ਉਲਟੇ ਸਾਰੇ ਪਹਾੜੀ ਰਾਜੇ ਗੁਰੂ ਸਾਹਿਬ ਤੋਂ ਬੇਮੁਖ ਹੋਕੇ ਤੁਰਕਾਂ ਨਾਲ ਜਾ ਰਲੇ ਤਾਂ ਗੁਰੂ ਸਾਹਿਬ ਨੇ ਏਹ ਸਾਂਝਾ ਫਤਵਾ ਦਿਤਾ ਕਿ ਏਹਨਾਂ ਪਹਾੜੀਆਂ ਤੇ ਤੁਰਕਾਂ ਦਾ ਖਾਲਸਾ ਜੀ ਨੇ ਕਦੇ ਵਿਸਾਹ ਨਹੀਂ


www.AKJ.Org

ਕਰਨਾ। ਵਾਸਤਵ ਵਿਚ ਗੁਰੂ ਸਾਹਿਬ ਸਭ ਦੀ ਭਲਾਈ ਲੋਚਦੇ ਸਨ। ਜਦੋਂ ਹਰ ਪਰਕਾਰ ਦੇ ਹੀਲੇ ਕੀਤਿਆਂ ਭੀ ਦੋਹਾਂ ਧਿਰਾਂ ਦੀ ਭਲਾਈ ਰਹਿ ਖੜੋਤੀ ਤਦ ਗੁਰੂ ਸਚੇ ਪਾਤਸ਼ਾਹ ਨੇ ਏਹਨਾਂ ਦੋਹਾਂ ਦੀ ਸੁਧਾਈ ਹਿਤ ਕਮਰਕਸੇ ਕਰ ਲਏ। ਗੁਰੂ ਸਾਹਿਬ ਦੀ ਏਸ ਗਲੇ ਪੂਰੀ ਪੂਰੀ ਨਿਰਵੈਰਤਾ ਸਪੰਨ ਸਮਦਰਸਤਾ ਹੈ ਕਿ ਉਹਨਾਂ ਨੇ ਨਾ ਹੀ ਹਿੰਦੂਆਂ ਦਾ ਪਖਸ਼ ਪੂਰਿਆ ਨਾ ਹੀ ਤੁਰਕਾਂ ਨਾਲ ਵੈਰ ਭਾਵਨਾ ਕਮਾਈ, ਬਲਕਿ ਸਚੀ ਧਰਮੱਗ ਸਪਿਰਟ ਤੋਂ ਖਾਲੀ ਹੋਏ ਹੋਏ ਹਿੰਦੂਆਂ ਤੇ ਤੁਰਕਾਂ ਨੂੰ ਇਕ ਸਾਰ ਹੀ ਸੋਧਿਆ। ਦੋਈ ਪਰਮਾਰਥ ਦੇ ਵੈਰੀ ਸਨ ਅਤੇ ਦੋਨੋਂ ਹੀ ਆਮ ਉਪਕਾਰਤਾ ਵਾਲੀ ਸਚਾਈ ਤੋਂ ਦੁਰੇਡੇ ਹੋ ਗਏ ਸਨ। ਇਸ ਕਰ ਕੇ ਗੁਰੂ ਸਚੇ ਪਾਤਸ਼ਾਹ ਸਿਰੀ ਦਸਮੇਸ਼ ਜੀ ਨੇ ਦੋਹਾਂ ਨੂੰ ਹੀ ਸਿਧੇ ਰਸਤੇ ਪਾਉਣ ਵਾਲੀ ਸਚੀ ਸਮ ਦ੍ਰਿਸ਼ਟੀ ਵਰਤੀ। ਹਿੰਦੂ ਮੁਸਲਮਾਨ ਵਾਲੀ ਕਾਣ ਕਨੌੜ ਕਿਸੇ ਦੀ ਨਹੀਂ ਰਖੀ।

ਆਮ ਨੇਤਾਵਾਂ ਦਾ ਇਹ ਖਿਆਲ ਉਕਾ ਹੀ ਗਲਤ ਹੈ ਕਿ ਗੁਰੂ ਸਾਹਿਬ ਸ੍ਰੀ ਦਸਮੇਸ਼ ਜੀ ਕੇਵਲ ਤੁਰਕਾਂ ਦੇ ਹੀ ਵੈਰੀ ਸਨ, ਹਰਗਿਜ਼ ਨਹੀਂ, ਗੁਰੂ ਸਾਹਿਬ ਤਾਂ ਪਾਪ ਅਤੇ ਜ਼ੁਲਮ ਦੇ ਵਿਰੋਧੀ ਸਨ। ਜ਼ਾਤ ਪਾਤ ਕਰਕੇ ਕਿਸੇ ਨਾਲ ਵੈਰ ਵਿਰੋਧ ਨਹੀਂ ਕਮਾਇਆ। ਸਭਨਾਂ ਨੂੰ ਹੀ ਸਿਧੇ ਰਸਤੇ ਲਿਆਵਣ ਦੇ ਅਭਿਲਾਖੀ ਸਨ। ਸਭਨਾਂ ਕਪੁਠੇ ਮਾਰਗ ਪਏ ਹੋਇਆਂ ਬੰਦਿਆਂ ਦੇ ਸੋਧਕ ਸਨ। ਸੋਈ ਸਮਤੀ ਗੁਰੂ ਦਸਮੇਸ਼ ਜੀ ਨੇ ਆਪਣੇ ਸਾਜੇ ਨਿਵਾਜੇ ਖਾਲਸਾ ਜੀ ਨੂੰ ਨਦਰੀ ਨਦਰਿ ਨਿਹਾਲ ਹੋਕੇ ਬਖਸ਼ੀ ਕਿ ਕਿਸੇ ਇਕ ਜ਼ਾਤ ਕੌਮ ਦਾ ਘਾਤ ਨਹੀਂ ਕਰਨਾ, ਪਰੰਤੂ ਪਾਪਿਸ਼ਟ ਕਰਮੀ ਭਾਵੇਂ ਕੋਈ ਜ਼ਾਤੀ ਅਤੇ ਕੋਈ ਫਿਰਕਾ ਹੋਵੇ ਦੋਹਾਂ ਨੂੰ ਸੁਮਤੇ ਲਾਉਣਾ ਹੈ। ਜੇ ਪਹਾੜੀ ਰਾਜਿਆਂ ਵਤ ਅਜ ਕਲ ਦੇ ਹਿੰਦੂ ਡੰਮੀਏ ਭੀ ਸਚੇ ਪਰਮਾਰਥ ਅਤੇ ਧਰਮ ਮਾਰਗ ਤੋਂ ਬੇ-ਮੁਖ ਹੋ ਜਾਣ ਤਾਂ ਤਿਨਾਂ ਨੂੰ ਭੀ ਗਏ ਗੁਜ਼ਰੇ ਹਿੰਦੂ ਪਹਾੜੀਆਂ ਸਮਾਨ ਹੀ ਸਮਝਣਾ ਹੈ। ਉਹਨਾਂ ਦੀ ਨਿਰੇ ਹਿੰਦੂ ਹੋਣ ਕਰਕੇ ਕੋਈ ਰਛਿਆ ਰਿਆਇਤ ਨਹੀਂ ਕਰਨੀ। ਗੁਰੂ ਦਸਮੇਸ਼ ਜੀ ਨੇ ਸਚੀ ਸਮਦਰਸਤਾ ਦਾ ਸਚਾ ਸਬਕ ਅਮਲੀ ਤੌਰ ਤੇ ਖਾਲਸਾ ਪੰਥ ਨੂੰ ਸਿਖਾਇਆ। ਜਿਸ ਪਰਕਾਰ ਸ੍ਰੀ ਦਸਮੇਸ਼ ਜੀ ਨੇ ਹਿੰਦੂ ਤੁਰਕ ਵਾਲੀ ਕਾਣ ਕਨੌੜ ਮਿਟਾ ਦੇਣ ਦੇ ਸਚੇ ਪੂਰਨੇ ਪਾਕੇ ਦਿਖਾਏ, ਓਹਨਾਂ ਹੀ ਪੂਰਨਿਆਂ ਉਤੇ, ਗੁਰੂ ਦਸਮੇਸ਼ ਜੀ ਦਾ ਸਾਜਿਆ ਨਿਵਾਜਿਆ ਖਾਲਸਾ ਪੰਥ ਤਤ ਪਰ ਹੈ ਤੇ ਸਦਾ ਤਤ ਪਰ ਰਹੇਗਾ। ਜਦੋਂ ਦਸਮੇਸ਼ ਜੀ ਨੇ ਪੇਖ ਪਰਖ ਕੇ ਦੋਹਾਂ ਹੀ ਮਤਾਂ ਦੀ ਕਪਟ ਕੁਕਰਮਤਾ ਭਲੀ ਬਿਧ ਜਾਚੇ ਲਈ ਤਦੋਂ ਹੀ ਦੋਹਾਂ ਨੂੰ ਸੋਧਨ ਲਈ ਖਾਲਸਾ ਪੰਥ ਦੀ ਸਾਜਨਾ ਕੀਤੀ ਯਥਾ ਸ੍ਰੀ ਦਸਮੇਸ਼ ਵਾਕ-

ਦੋਹੂੰ ਪੰਥ ਮੈ ਕਪਟ ਬਿਦਿਆ ਚਲਾਨੀ ॥
ਬਹੁਰ ਤੀਸਰੋ ਪੰਥ ਕੀਨੋ ਪਰਧਾਨੀ ॥

ਸ੍ਰੀ ਦਸਮੇਸ਼ ਜੀ ਨੇ ਖਾਲਸਾ ਜੀ ਨੂੰ ਸਭ ਤੋਂ ਨਿਆਰਾ ਰਖਿਆ ਅਤੇ ਹੁਕਮ ਬਖਸ਼ਿਆ—

ਜਬ ਲਗ ਖਾਲਸਾ ਰਹੈ ਨਿਆਰਾ ॥
ਤਬ ਲਗ ਤੇਜ ਦੀਯੋ ਮੈ ਸਾਰਾ ॥
ਜਬ ਇਹ ਗਹੈ ਬਿਪ੍ਰਨ ਕੀ ਰੀਤਿ ॥
ਮੈ ਨ ਕਰੋ ਇਨ ਕੀ ਪਰਤੀਤਿ ॥

ਇਸ ਬਿਧ ਸ੍ਰੀ ਦਸਮੇਸ਼ ਜੀ ਨੇ ਸਚੀ ਸਮਦਰਸਤਾ ਦਾ ਪੂਰਨਾ ਪਾਕੇ ਦਿਖਾਇਆ।

(੪) ਚੌਥਾ ਪੂਰਨਾ—ਸਭ ਤੋਂ ਸਰੇਸ਼ਟ ਪੂਰਨਾ ਸ੍ਰੀ ਦਸਮੇਸ਼ ਜੀ ਨੇ ਗੁਰਮਤਿ ਸਚਾਈ ਦਾ ਕੌਲ ਔ ਫੇਅਲ (ਕਹਿਣੀ ਅਤੇ ਕਰਣੀ) ਦਾ ਪਾਇਆ। ਜੋ ਅਜ ਤਾਈਂ ਕਿਸੇ ਧਾਰਮਕ ਆਗੂ ਅਤੇ ਰੀਫਾਰਮਰ ਨੇ ਨਹੀਂ ਪਾਇਆ। ਸ੍ਰੀ ਗੁਰੂ ਦਸਮੇਸ਼ ਜੀ ਨੇ ਨਿਧੜਕ ਹੋਕੇ ਗੁਰਮਤਿ ਤੱਤ ਸੱਤ ਦਾ ਨਿਰਣਾ ਪੂਰਨ ਸਚਾਈ ਦੇ ਪੂਰਨੇ ਅਨੁਸਾਰ ਪਾਕੇ ਦਿਖਾਇਆ ਸਪਸ਼ਟ ਤੌਰ ਤੇ ਪਹਿਲਾਂ ਇਹ ਸਚਾਈ ਦਰਸਾਈ—

"ਜਿਨਿ ਪਰੇਮ ਕੀਓ ਤਿਨਹੀ ਪ੍ਰਭੁ ਪਾਇਓ" ॥

ਏਸ ਵਿਚ ਰੰਚਕ ਸੰਦੇਹ ਨਹੀਂ ਕਿ ਸ੍ਰੀ


www.AKJ.Org

ਗੁਰੂ ਦਸਮੇਸ਼ ਜੀ ਦਾ ਆਦਰਸ਼ ਪਰੇਮ ਤੋਂ 'ਪ੍ਰੇਮ ਪਦਾਰਥੁ ਨਾਮੁ ਹੈ" ਗੁਰ ਵਾਕ ਅਨੁਸਾਰ ਨਾਮ ਭਿੰਨੜਾ ਪਰੇਮ ਹੈ। ਗੁਰ ਦਸਮੇਸ਼ ਜੀ ਨੇ ਪਰੇਮ ਦੀ ਏਸ ਸਚਾਈ ਨੂੰ ਸਭ ਤੋਂ ਸਰੇਸ਼ਟ ਪੂਰਨਾ ਪਾ ਕੇ ਸਿਧ ਕੀਤਾ ਕਿ ਗੁਰਮਤਿ ਅੰਦਰਿ ਨਾਮ ਭਿੰਨੜੇ ਪਰੇਮ ਤੋਂ ਬਿਨਾਂ ਸ਼ੁਸ਼ਕ ਪਰੇਮ ਕੋਈ ਅਰਥ ਹੀ ਨਹੀਂ ਰਖਦਾ। ਇਸ ਪਰੇਮ ਮਈ ਸਚਾਈ ਨੂੰ ਸ੍ਰੀ ਦਸਮੇਸ਼ ਜੀ ਨੇ ਸਪਸ਼ਟ ਤੌਰ ਤੇ ਦਰਸਾ-ਇਆ। ਅਤੇ ਦਰਸਾਕੇ ਸਿਧ ਕੀਤਾ ਕਿ ਵਾਹਿਗੁਰੂ ਨੂੰ ਪਾਉਣ ਦਾ ਇਕੋ ਇਕ ਵਸੀਲਾ ਨਾਮ ਭਿੰਨੜਾ ਪਰੇਮ ਹੀ ਹੈ। ਇਸ ਪੂਰਨੇ ਨੂੰ ਸਪਸ਼ਟ ਤੌਰ ਤੇ ਦਰਸਾਕੇ ਸਿਧ ਕਰਨ ਲਈ ਸ੍ਰੀ ਦਸਮੇਸ਼ ਜੀ ਨੇ ਇਸ ਗਲ ਨੂੰ ਭਲੀ ਪਰਕਾਰ ਨਿਰੂਪਨ ਕਰ ਦਿਤਾ ਕਿ ਹੋਰਨਾਂ ਮਤ ਮਤਾਂਤਰਾਂ ਅੰਦਰਿ ਜੋ ਪੂਰਨੇ ਵਾਹਿਗੁਰੂ ਨੂੰ ਪਾਉਣ ਦੇ ਇਸ ਪਰੇਮ ਤੋਂ ਸਖਣੇ ਹਨ ਸਭ ਨਿਸਫਲ ਹਨ। ਜੈਸਾ ਕਿ ਸ੍ਰੀ ਮੁਖਵਾਕ ਦੁਆਰਾ ਇਸ ਬਿਧ ਨਿਰਣਾ ਹੈ।

"ਪ੍ਰੇਮ ਕੀਏ ਪ੍ਰਭ ਪਾਈਅਤ ਹੈ ਅਕਾਲ ਨਾ ਭੀਜਤ ਲਾਂਡ ਕਟਾਏ ॥"

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਆਦਿ ਬਾਣੀ ਅਨੁਸਾਰ ਏਥੇ ਇਸ ਮਹਾਂਵਾਕ ਦੁਆਰਾ ਆਨਮਤੀਆਂ ਖਾਸ ਕਰ ਤੁਰਕਾਂ ਦੀ ਸ਼ੁਸ਼ਕ ਸੁੰਨਤ ਕ੍ਰਿਆ ਵਲ ਸਪਸ਼ਟ ਇਸ਼ਾਰਾ ਹੈ ਅਤੇ ਏਸ ਇਸ਼ਾਰੇ ਨੂੰ ਸਪਸ਼ਟਾਈ ਸਹਿਤ ਦਰਸਾਉਣ ਦਾ ਸਚਾ ਪੂਰਨਾ ਸ੍ਰੀ ਦਸਮੇਸ਼ ਜੀ ਨੇ ਪਾਇਆ ਹੈ।

"ਸੁੰਨਤ ਕੀਏ ਤੁਰਕ ਜੋ ਹੋਇਗਾ ਅਉਰਤ ਕਾ ਕਿਆ ਕਰੀਐ ॥"

ਵਾਲੇ ਗੁਰਵਾਕ ਦਾ ਇਨ ਬਿਨ ਅਨੁਵਾਦ ਕਰ ਦਿਖਾਇਆ ਹੈ। ਪਰੰਤੂ ਬਿਨਾਂ ਕਿਸੇ ਰੋ ਰਿਆਇਤ ਅਤੇ ਝਕ ਝੇਪ ਦੇ ਤਤ ਸਚਾਈ ਦਾ ਪੂਰਨਾ ਪਾ ਕੇ ਸਪਸ਼ਟ ਕੀਤਾ ਹੈ ਕਿ ਸਚੇ ਗੁਰਮਤਿ ਪਰਮਾਰਥੀ ਪਰੇਮ ਬਿਹੂਨ ਹੋਰ ਸਭ ਕ੍ਰਿਆ ਆਨਮਤੀਆਂ ਦੀ ਸੁੰਨਤ ਆਦਿ ਸਭ ਬ੍ਰਿਥੀ ਹੈ। ਏਸ ਦੁਆਰਾ ਪਰਮਾਤਮਾ ਪਾਇਆ ਹੀ ਨਹੀਂ ਜਾ ਸਕਦਾ। ਪਾਇਆ ਜਾ ਸਕਦਾ ਹੈ ਤਾਂ ਕੇਵਲ ਗੁਰਮਤਿ ਨਾਮ ਭਿੰਨੜੇ ਪਰੇਮ ਦੁਆਰਾ ਹੀ ਪਾਇਆ ਜਾ ਸਕਦਾ ਹੈ। ਇਹ ਸਚਾਈ ਚਾਹੇ ਕਿਸੇ ਆਨਮਤੀ ਪੁਰਸ਼ ਨੂੰ ਕੌੜੀ ਹੀ ਲਗੇ ਪਰੰਤੂ ਸ੍ਰੀ ਦਸਮੇਸ਼ ਜੀ ਨੇ ਇਸ ਸਾਰੇ ਸਚਾਈ ਵਾਲੇ ਪੂਰਨੇ ਨੂੰ ਸਪਸ਼ਟ ਤੌਰ ਤੇ ਪਾ ਹੀ ਦਿਤਾ। ਬਚਿਤਰ ਨਾਟਕ ਅੰਦਰਿ ਜਿਸ ਸਾਰ ਸਚਾਈ ਨੂੰ ਨਿਰੂਪਨ ਕਰਕੇ ਸ੍ਰੀ ਦਸਮੇਸ਼ ਜੀ ਨੇ ਇਸ ਨੂੰ ਖਾਸ ਦਰਸਾਉਣ ਦਾ ਪੂਰਨਾ ਪਾਇਆ ਹੈ ਉਹ ਕਿਸੇ ਤੋਂ ਵੀ ਨਹੀਂ ਪੈਂਦਾ। ਏਹ ਸ੍ਰੀ ਦਸਮੇਸ ਜੀ ਸਮਰਥ ਹੈ ਕਿ ਇਸ ਗੁਰਮਤ ਤੱਤ ਸਚਾਈ ਨੂੰ ਸਪਸ਼ਟ ਤੌਰ ਤੇ ਦਰਸਾਕੇ ਸਿਧ ਕੀਤਾ ਜਾਏ ਕਿਨਾਮ ਭਿੰਨੜੇ ਪਰੇਮ ਬਿਨਾਂ ਸਾਰੇ ਕਰਮ ਧਰਮ ਨਿਸਫਲ ਹਨ। ਇਸ ਸਚਾਈ ਨੂੰ ਮੁਖ ਰਖਕੇ ਸ੍ਰੀ ਦਸਮੇਸ਼ ਜੀ ਨੇ ਸਮਗਰ ਆਨਮਤ ਨੇਤਾਵਾਂ ਦਾ ਪੋਲ ਖੋਲਕੇ ਸਪਸ਼ਟ ਕਰ ਦਿਤਾ ਹੈ ਕਿ ਨਾਮ ਭਿੰਨੜਾ ਪਰੇਮ ਸਿਵਾਏ ਗੁਰਮਤਿ ਦੇ ਕਿਸੇ ਵੀ ਆਨਮਤਿ ਅੰਦਰਿ ਅਤੇ ਆਨਮਤਿ ਨੇਤਾ ਦੇ ਕਿਸੇ ਵੀ ਮਿਸ਼ਨ ਅੰਦਰਿ ਨਹੀਂ ਪਾਇਆ ਜਾਂਦਾ। ਇਹ ਵਡਿਆਈ ਇਸ ਤੱਤ ਸੱਤ ਸਚਿ-ਆਈ ਨੂੰ ਇਨ ਬਿਨ ਪ੍ਰਗਟਾਉਣ ਲਈ ਅਕਾਲ ਪੁਰਖ ਨੇ ਕੇਵਲ ਸ੍ਰੀ ਦਸਮੇਸ਼ ਜੀ ਨੂੰ ਬਖਸ਼ੀ। ਇਤਨੇ ਪੂਰਨਿਆਂ ਦਾ ਮਾਲਕ ਹੁੰਦਾ ਹੋਇਆ ਭੀ ਸਾਡਾ ਸ੍ਰੀ ਦਸਮੇਸ਼ ਪਿਤਾ ਸ੍ਵਾਸ ਸਵਾਸ ਨਾਮ ਅਭਿਆਸ ਦੇ ਰੰਗਾਂ ਵਿਚ ਜੁਧਾਂ ਜੰਗਾਂ ਵਿਚ ਅਹਿਨਿਸਿ ਰਤੜਾ ਹੀ ਰਹਿੰਦਾ ਹੈ। ਹੋਰ ਸਭ ਪੂਰਨੇ ਏਸ ਸਚਾਈ ਦੇ ਪੂਰਨੇ ਦੀ ਰੋਸ਼ਨੀ ਵਿਚ ਸਮਗਰ ਤੌਰ ਤੇ ਆਏ ਸਪਸ਼ਟਾਏ ਗਿਣੇ ਜਾਂਦੇ ਹਨ।

****



www.AKJ.Org

# ਗੁਰਮਤਿ ਵੀਚਾਰ ਲੜੀ

## ੨. ਕੇਸਾਂ ਦੀ ਮਹੱਤਤਾ

(ਭਾਈ ਜੋਗਿੰਦਰ ਸਿੰਘ ਜੀ ਤਲਵਾੜਾ)

ਗੁਰੂ ਸਾਹਿਬਾਨ ਕੇਸਾਂ ਨੂੰ ਕਿੰਨੀ ਮਹਾਨਤਾ ਦਿੰਦੇ ਸਨ ਤੇ ਇਹਨਾਂ ਨੂੰ ਆਪਣੇ ਕੁਦਰਤੀ ਰੂਪ ਵਿਚ ਕਾਇਮ ਰਖਣ ਲਈ ਕਿੰਨੀ ਲੋੜ ਸਮਝਦੇ ਸਨ ਹੇਠ ਲਿਖੀਆਂ ਟੂਕਾਂ ਤੋਂ ਭਲੀ ਭਾਂਤ ਸਪਸ਼ਟ ਹੈ–

੧. ਸਚੀ ਸੁੰਨਤ ਰਬ ਦੀ ਮੂਏ ਲੈ ਆਇਆ ਨਾਲ। ਜੋ ਰਖੇ ਮੂਏ ਸਲਾਮਤੀ ਸੋ ਖਾਸਾ ਬੰਦਾ ਭਾਲ।

੨. ਆਖੇ ਨਾਨਕ ਸ਼ਾਹ ਸਚ, ਸੁਣਹੁ ਬਹਾਉਦੀਨ ਪੀਰ। ਹਿੰਦੂ ਮੁਸਲਮਾਨ ਦੋਇ, ਸਿਰਗੁੰਮ ਥੀਏ ਜਹੀਰ।

੩. ਸਾਬਤ ਸੂਰਤ ਰਬ ਦੀ ਭੰਨੇ ਬੇਈਮਾਨ।
"ਮਕੇ ਦੀ ਗੋਸ਼ਟ"

੪. ਮਰਦਾਨੇ ਆਖਿਆ, ਤਿਨ ਬਾਤਾਂ ਤੂੰ ਕਰ। ਇਕ ਸਿਰ ਤੇ ਕੇਸ ਰਖਣੇ, ਦੂਜਾ ਪਿਛਲੀ ਰਾਤ ਸਤਿਨਾਮ ਜਪਣਾ। ਤੀਜੇ ਸਾਧ ਸੰਗਤ ਕਰਨੀ। "ਗਿਆਨ ਰਤਨਾਵਲੀ"

੫. ਨਾਪਾਕ ਪਾਕ ਕਰ ਹਦੂਰ ਹਦੀਸਾ, ਸਾਬਤ ਸੂਰਤ ਦਸਤਾਰ ਸਿਰਾ। ਮਾਰੂ ਮ: ੫

੬. ਕੇਸ ਰਖਣੇ......ਇਹੀ ਸਾਡੀ ਮੋਹਰ ਹੈ। ਦੋਨੋ ਵਕਤ ਕੇਸਾਂ ਦੀ ਪਾਲਨਾ ਕਰਨੀ ਗੁਰੂ ਕੀ ਰਹਿਤ ਰਖਣੀ।

(ਹੁਕਮ ਨਾਮਾ ਪ: ੧੦, ਕਾਬਲ ਦੀ ਸੰਗਤ ਵਲ, ਜੇਠ ੨੬ ਸੰਮਤ ੧੭੫੬।)

੭. ਯਹੈ ਮਮ ਆਗਿਆ ਸੁਣਹੁ ਤੁਮ ਪਿਆਰੇ।
ਬਿਨਾ ਸ਼ਸਤਰ ਕੇਸੰ ਦੇਹੁ ਨ ਦੀਦਾਰੇ।
ਬਿਨਾ ਸਸ਼ਤਰ ਕੇਸੰ ਨਰੰ ਭੇਡ ਜਾਨੋ।
ਰਾਹੇ ਕਾਨ ਤਾਕੋ ਕਹੀ ਲੇ ਸਿਧਾਨੋ।

੮. ਤੁਝੈ ਜੋ ਉਪਾਸਾ। ਸੁ ਇਹੀ ਬਤਾਯਾ।
ਕਰੋ ਪੰਥ ਮੇਰਾ। ਧਰਮ ਕਾਜ ਕੇਰਾ।
ਭਏ ਕੇਸ ਧਾਰੀ। ਧਰਾ ਫੇਰ ਸਾਰੀ।
ਫੁਲੇ ਪਰਮ ਖਾਸਾ। ਅਜਾਇਬ ਤਮਾਸਾ।
ਗੁਰੂ ਸੋਭਾ ਸਾਗਰ "ਸੈਨਾਪਤ"

੯. ਕੇਸਨ ਕੀ ਕੀਜੈ ਪ੍ਰਤਿਪਾਲਾ।
ਨਹਿ ਉਸਤਰਨ ਸੋਂ ਕਟੀਯੈ ਬਾਲਾ। "ਪੰਥ ਪ੍ਰਕਾਸ਼"

ਦਰ ਅਸਲ ਕੇਸਾਂ ਦੀ ਉਤਪਤੀ ਜਾਂ ਵਧਨ ਫੁਲਨ ਵਿਚ ਰਬੀ ਸ਼ਕਤੀ ਕੰਮ ਕਰਦੀ ਹੈ। ਸਿਖ ਤਾਂ ਕੇਸਾਂ ਨੂੰ ਰਬੀ ਦਾਤ ਜਾਣ ਕੇ ਇਹਨਾਂ ਦੀ ਸੰਭਾਲ ਹੀ ਕਰਦੇ ਹਨ। ਕੁਝ ਸਮਾਂ ਹੋਇਆ ਇਕ ਜਰਮਨ ਫਲਾਸਫਰ ਸ੍ਰੀ ਹਰਮੰਦਰ ਸਾਹਿਬ ਆਇਆ। ਉਸਨੇ ਇਕ ਸਿਖ ਵਿਦਵਾਨ ਤੇ ਸੁਭਾਵਕ ਹੀ ਪ੍ਰਸ਼ਨ ਕੀਤਾ "ਸਿਖ ਲੰਮੇ ਵਾਲ ਕਿਉਂ ਵਧਾਈ ਰਖਦੇ ਹਨ (*Why Sikh grow hair*)" ਸਿਖ ਵਿਦਵਾਨ ਨੇ ਬੜਾ ਢੁਕਵਾਂ ਉਤਰ ਦਿਤਾ ਸਿਖ ਆਪ ਕੇਸ ਹਰਗਿਜ਼ ਨਹੀਂ ਵਧਾਈ ਰਖਦੇ (*Sikhs do not grow hair they simply preserve this godly gift*) ਉਹ ਤਾਂ ਕੇਵਲ ਇਹਨਾਂ ਦੀ ਸੰਭਾਲ ਹੀ ਕਰਦੇ ਹਨ।"



www.AKJ.Org

ਜਰਮਨ ਫਿਲਾਸਫਰ ਇਹ ਉਤਰ ਸੁਣਕੇ ਬੜੀ ਗੰਭੀਰਤਾ ਨਾਲ ਬੋਲਿਆ "ਸਚ-ਮੁਚ ਨੁਕਸ ਸਿਖਾਂ ਵਿਚ ਨਹੀਂ ਸਗੋਂ ਅਸਾਂ ਕੇਸ-ਮੁਨਾਉਣ ਵਾਲਿਆਂ ਵਿਚ ਹੈ ਜੋ ਫੈਸ਼ਨ ਦੇ ਪ੍ਰਭਾਵ ਅਧੀਨ ਗੈਰ ਕੁਦਰਤੀ ਰਾਹ ਅਪਨਾਉਂਦੇ ਹਾਂ।"

ਸਿਖ ਗੁਰੂ ਸਾਹਿਬਾਨ ਦਾ ਕੇਸਾਂ ਸਬੰਧੀ ਸਤਿਕਾਰ ਤੇ ਪਿਆਰ ਤਾਂ ਬਹੁਤ ਅਨੂਠਾ ਹੈ ਜੋ ਵਾਹਿਗੁਰੂ ਨੂੰ ਵੀ 'ਕੇਸਵਾ' ਦੇ ਨਾਮ ਨਾਲ ਸੰਬੋਧਨ ਕਰਦੇ ਹਨ ਪਰ ਉਹਨਾਂ ਵਿਚੋਂ ਸੰਸਾਰ ਭਰ ਦੇ ਕੁਲ ਪੈਗੰਬਰਾਂ ਵਲ ਨਿਗਾਹ ਮਾਰੀਏ ਤਾਂ ਪਤਾ ਲਗਦਾ ਹੈ ਕਿ ਕੋਈ ਵੀ ਕੇਸ-ਹੀਣ ਨਹੀਂ ਸੀ ਤੇ ਨਾ ਹੀ ਕਿਸੇ ਨੇ ਕੇਸਾਂ ਨੂੰ ਮੁਨਾਉਣ ਦਾ ਉਪਦੇਸ਼ ਕੀਤਾ। ਇਹ ਤਾਂ ਫੈਸ਼ਨੇਬਲ ਬਣਨ ਲਈ ਮਨੁਖੀ ਕਮਜ਼ੋਰੀ ਦਾ ਨਤੀਜਾ ਹੈ ਕਿ ਸੰਸਾਰ ਦੀ ਵਡੀ ਗਿਣਤੀ ਕੇਸ ਹੀਣ ਹੋ ਰਹੀ ਹੈ। ਕਮਜ਼ੋਰ ਇਰਾਦੇ ਵਾਲੇ ਮਨੁਖ ਧਾਰਮਿਕ ਹੁਕਮਾਂ ਵਲੋਂ ਬੇਪਰਵਾਹ ਹੋ ਇਸ ਵਹਿਣ ਵਿਚ ਦੇਖਾ ਦੇਖੀ ਵਹਿ ਰਹੇ ਹਨ।

ਜੇ ਕਿਸੇ ਵਿਅਕਤੀ ਨੂੰ ਸਿਖੀ ਸਿਧਾਤਾਂ, ਸਿਖੀ ਰਹੁ ਰੀਤ ਜਾਂ ਗੁਰਬਾਣੀ ਨਾਲ ਸਚ ਮੁਚ ਹੀ ਪਿਆਰ ਹੈ ਤੇ ਉਹ ਸਿਖ ਭਾਈ-ਚਾਰੇ ਵਿਚ ਅਭੇਦ ਹੋਣ ਦਾ ਚਾਹਵਾਨ ਹੈ ਤਾਂ ਉਸ ਨੂੰ ਸਿਖ ਰਹੁ-ਰੀਤ ਬਾਰੇ ਗੁਰੂ ਸਾਹਿਬਾਨ ਦੇ ਹੁਕਮਾਂ ਦੀ ਤੁਰੰਤ ਪਾਲਨਾ ਕਰਨੀ ਲੋੜੀਂਦੀ ਹੈ ਤੇ ਕੇਸਾਂ ਨੂੰ ਮੁਨਾਉਣਾ ਬੰਦ ਕਰਨਾ ਚਾਹੀਦਾ ਹੈ। ਐਸਾ ਕਰਨ ਨਾਲ ਉਹ ਆਪਣੇ ਆਪ ਹੀ ਸਿਖ ਨਜ਼ਰ ਆਵੇਗਾ ਤੇ ਉਸ ਦੀ ਸਿਖ ਸ਼ਕਲ ਸੂਰਤ ਵਿਚ ਸ਼ਕ ਸ਼ੁਭੇ ਦੀ ਕੋਈ ਗੁੰਜਾਇਸ਼ ਨਹੀਂ ਰਹੇਗੀ।

## ਸਿਖੀ ਦੇ ਪਰਸਾਰਨ ਦਾ ਸਹੀ ਢੰਗ

ਇਤਿਹਾਸ ਗਵਾਹ ਹੈ ਕਿ ਸਿਖ ਅਤੇ ਸਿਖੀ ਸੌਖੇ ਸਮਿਆਂ ਨਾਲੋਂ ਸਗੋਂ ਕਰੜੇ ਸਮਿਆਂ ਵਿਚ ਵਧੇਰੇ ਪ੍ਰਫੁਲਤ ਹੋਏ ਹਨ। ਸਿਖੀ ਉਦੋਂ ਵਧੀ ਫੁਲੀ ਜਦੋਂ ਸਿਖਾਂ ਦਾ ਦੇਸ ਵਿਚ ਪੱਤਾ ਪੱਤਾ ਵੈਰੀ ਸੀ। ਸਿਖ ਘਰੋਂ ਬੇਘਰ ਹੋ ਜੰਗਲਾਂ ਵਿਚ ਮਾਰੇ ਮਾਰੇ ਫਿਰਦੇ ਸਨ। ਇਹਨਾਂ ਦਾ ਜੰਗਲੀ ਜਾਨਵਰਾਂ ਵਾਂਗੂ ਪਿਛਾ ਤੇ ਸ਼ਿਕਾਰ ਕੀਤਾ ਜਾਂਦਾ ਸੀ। ਸਿਖ ਚੜ੍ਹਦੀਆਂ ਕਲਾਂ ਵਿਚ ਵਿਚਰਦੇ ਤੇ ਜ਼ਾਲਮਾਂ ਅਤੇ ਜ਼ੁਲਮ ਦੀਆਂ ਟਿਚਕਰਾਂ ਉਡਾਉਂਦੇ ਤੇ ਗਾਉਂਦੇ :–

"ਮੰਨੂ ਸਾਡੀ ਦਾਤਰੀ ਅਸੀ ਮੰਨੂ ਦੇ ਸੋਏ।<br>ਜਿਉ ਜਿਉ ਮੰਨੂ ਵਢਦਾ ਅਸੀਂ ਦੂਨ ਸਵਾਏ ਹੋਏ।"

ਇਸ ਤੋਂ ਪਿਛੋਂ ਸਿਖ ਰਾਜ ਆਇਆ। ਐਸ਼ ਵਰਜ ਪਾਕੇ ਸਿਖ ਕੁਝ ਢਿਲੇ ਹੋ ਗਏ। ਗੁਰਦਵਾਰਿਆਂ ਵਿਚ ਕੁਰੀਤੀਆਂ ਕੀਤੀਆਂ ਜਾਣੀਆਂ ਅਰੰਭ ਹੋ ਗਈਆਂ। ਸਿਖੀ ਅਣਖ ਵਿਚ ਜੋਸ਼ ਆਇਆ ਤੇ ਕੁਰਬਾਨੀ ਦਾ ਜਜ਼ਬਾ ਪ੍ਰਬਲ ਹੋਇਆ ਸਿਖਾਂ ਨੂੰ ਦਿਲ ਕੰਬਾਊ ਅਸਹਿ ਤੇ ਅਕਹਿ ਕਸ਼ਟ ਝਲਣੇ ਪਏ ਪਰ ਸਿਖਾਂ ਨੇ ਜਬਰ ਨੂੰ ਸਬਰ ਨਾਲ ਖਿੜੇ ਮਥੇ ਸਹਾਰਿਆ ਪਰ ਸਿਖੀ ਰਵਾਇਤਾਂ ਦੀ ਰਾਖੀ ਕੀਤੀ। ਇਸ ਦੇ ਫਲ ਸਰੂਪ ਸਿਖੀ ਦਾ ਫਿਰ ਅਧਿਕ ਵਿਕਾਸ ਹੋਇਆ।

ਕਿਸੇ ਵੀ ਧਰਮ ਦੀ ਪ੍ਰਫੁਲਤਾ ਲਈ ਉਸ ਦੇ ਧਾਰਨੀ ਮਨੁਖਾਂ ਦੇ ਆਚਰਣ ਅਤੇ ਮੁਢਲੇ ਧਾਰਮਿਕ ਸਿਧਾਤਾਂ ਦੀ ਪਕਿਆਈ ਦਾ ਹੋਣਾ ਅਤ ਜ਼ਰੂਰੀ ਹੈ। ਮਾਦਾ-ਪ੍ਰਸਤੀ ਕਰਕੇ ਅਜੇਹਾ ਮਨੁਖ ਸਭ ਸੰਜਮੀ ਜੀਵਨ ਤੋਂ ਖਲਾਸੀ ਲੋੜਦਾ ਹੈ ਤੇ ਗਿਰਾਵਟ ਵਾਲੇ ਰਾਹ *(Way of least resistance)* ਅਪਨਾਉਣ ਲਈ ਉਤਾਵਲਾ ਹੈ।

ਸਮਾਂ ਧਾਰਮਿਕ ਗਿਰਾਵਟ ਦਾ ਚਲ ਰਿਹਾ ਹੈ। ਇਸ ਬਿਗੜੇ ਸਮੇਂ ਦੀ ਰੌ ਨਾਲ ਚਲ ਕੇ ਧਾਰਮਿਕ ਸਿਧਾਤਾਂ ਵਿਚ ਤਬਦੀਲੀਆਂ ਜਾਂ ਤਰਦੀਦਾਂ ਕਰਨਾ ਧਰਮ ਦੇ ਫੈਲਨ ਵਿਚ ਸਹਾਈ ਕਿਵੇਂ ਹੋ ਸਕਦਾ ਹੈ ਸਗੋਂ ਇਹ ਰਾਹ ਧਰਮ ਨੂੰ ਹਾਨੀ ਪੁਚਾਣ ਵਾਲਾ ਹੈ। ਸਿਖ ਧਰਮ ਵਿਚ ਪ੍ਰਵੇਸ਼ ਕਰਨ ਦੇ ਹਰ ਚਾਹਵਾਨ ਲਈ ਇਹ ਪਹਿਲੀ ਸ਼ਰਤ ਹੈ ਕਿ ਉਹ ਆਪਣੀ ਅਪਣੱਤ ਤੇ ਹਉਮੈ ਦਾ ਪੂਰਨ ਤਿਆਗ ਕਰਕੇ ਗੁਰੂ-ਹੁਕਮਾਂ ਤੇ ਨਿਛਾਵਰ ਹੋਣ ਲਈ ਤਿਆਰ ਬਰ ਤਿਆਰ ਹੋ


www.AKJ.Org

ਜਾਣ । ਗੁਰੂ ਨਾਨਕ ਦੇਵ ਜੀ ਦੀ ਹਰ ਸਿਖ ਲਈ ਸਦੀਵੀ ਲਲਕਾਰ ਇਸ ਪ੍ਰਕਾਰ ਹੈ –

ਜਉ ਤਉ ਪਰੇਮ ਖੇਲਨ ਕਾ ਚਾਉ ।
ਸਿਰ ਧਰ ਤਲੀ ਗਲੀ ਮੇਰੀ ਆਉ ॥
ਸਲੋਕ ਵਾਰਾਂ ਤੇ ਵਧੀਕ ਮ: ੧

ਅਪਣੀਆਂ ਮੱਤਾਂ ਕੁਮੱਤਾਂ ਸਹੂਲਤਾਂ ਅਧੀਨ ਗੁਰੁ-ਹੁਕਮਾਂ ਦੀ ਮਨ ਭਾਉਂਦੀ ਭੰਨ ਤੋੜ ਕਰਨ ਦਾ ਨਾ ਤਾ ਕਿਸੇ ਨੂੰ ਹਕ ਹੈ ਨਾ ਹੀ ਇਸ ਨਾਲ ਕਿਸੇ ਕਿਸਮ ਦਾ ਲਾਭ ਹੋ ਸਕਦਾ ਹੈ ਸਗੋਂ ਇਹ ਦਸ਼ਾ ਨਿਘਰੀ ਮਾਨਸਿਕ ਅਵਸਥਾ ਦੀ ਸੂਚਕ ਹੈ ।

ਇਹ ਇਤਿਹਾਸਕ ਘਟਨਾ ਹੈ ਕਿ ਕਹਿਲੂਰ ਦੇ ਨਾਲ ਲਗਦੇ ਪਹਾੜੀ ਰਾਜਿਆਂ ਨੇ ਸਿਖ ਜਥੇ-ਬੰਦੀ ਵਿਚ ਸ਼ਾਮਲ ਹੋਣਾ ਸਵੀਕਾਰ ਕਰ ਲਿਆ ਪਰ ਇਸ ਸ਼ਰਤ ਤੇ ਕਿ ਇਕ ਤਾਂ ਉਹਨਾਂ ਨੂੰ ਮੁੰਡਨ ਦੀ ਛੋਟ ਕਰ ਦਿਤੀ ਜਾਵੇ ਤੇ ਦੂਜੇ ਉਹਨਾਂ ਨੂੰ ਅਖੌਤੀ ਨੀਚ ਜਾਤੀਆਂ ਦੇ ਗਰੀਬ ਗੁਰਬੇ ਸਿਖਾਂ ਨਾਲ ਇਕੋ ਬਾਟੇ ਵਿਚ ਅੰਮ੍ਰਿਤ ਨਾ ਛਕਾਇ-ਆ ਜਾਵੇ । ਜੇ ਗੁਰੂ ਜੀ ਦਾ ਨਿਸ਼ਾਨਾ ਕੇਵਲ ਆਪਣੇ ਪੈਰੋਕਾਰਾਂ ਦੀ ਗਿਣਤੀ ਵਿਚ ਵਾਧਾ ਕਰਨ ਦਾ ਹੁੰਦਾ ਤਾਂ ਉਹ ਇਸ ਮੰਗ ਨੂੰ ਪ੍ਰਵਾਨ ਕਰ ਲੈਂਦੇ ਪ੍ਰੰਤੂ ਗੁਰੂ ਜੀ ਨੇ ਕੋਰਾ ਤੇ ਖਰਾ ਖਰਾ ਉਤਰ ਸੁਣਾਇਆ ਕਿ ਅੰਮ੍ਰਿਤ ਧਾਰੀ ਤੇ ਰਹਿਤ ਰਹਣੀ ਵਾਲਾ ਸਿਖ ਜੋ ਤੁਹਾਨੂੰ ਨੀਵਾਂ ਦਿਸਦਾ ਹੈ ਉਹ ਇਕ ਇਕ ਸਵਾ ਸਵਾ ਲਖ ਦੇ ਸਮਾਨ ਹੈ । ਮੇਰੇ ਖਾਲਸੇ ਪੰਥ ਵਿਚ ਆਚਰਣ ਤੇ ਅਸੂਲ-ਪ੍ਰਸਤੀ ਜ਼ਿਆਦਾ ਪਿਆਰੇ ਹਨ ਮਨੁਖੀ ਸਰੀਰਾਂ ਤੋਂ । ਆਪ ਜੀ ਨੇ ਫੁਰਮਾਇਆ–

ਰਹਤ ਪਿਆਰੀ ਮੋਹਿ ਕਉ ਸਿਖ ਪਿਆਰਾ ਨਾਹਿ ।

## ਸਿਖ ਦਾ ਪਰਸਾਰ ਜਾਂ ਪਰਹਾਰ

ਜੇ ਅਸੀਂ ਬਾਹਰਲੇ ਦੇਸਾਂ ਵਿਚ ਸਿਖੀ ਦੇ ਪਰਚਾਰ ਦੇ ਦਿਲੋਂ ਚਾਹਵਾਨ ਹਾਂ ਤਾਂ ਸਾਨੂੰ ਪਹਿਲਾਂ ਆਪਣੇ ਦੇਸ਼ ਦੀ ਕੇਸਾਂ ਸੰਬੰਧੀ ਬਿਵਸਥਾ ਤੇ ਵਿਚਾਰ ਕਰਨੀ ਚਾਹੀਏ। ਪ੍ਰਚਾਰ ਦੀ ਸਭ ਤੋਂ ਵਡੀ ਲੋੜ ਸਿਖੀ ਦੀ ਜਨਮ ਭੂਮੀ ਪੰਜਾਬ ਵਿਚ ਹੈ ਜਿਥੇ ਲਗ-ਭਗ ੭੫ ਪ੍ਰਤੀ ਸੈਂਕੜਾ ਸਿਖ ਅਖਵਾਉਣ ਵਾਲੇ ਕਿਸੇ ਨ ਕਿਸੇ ਢੰਗ ਨਾਲ ਕੇਸਾਂ ਦੀ ਬੇਅਦਬੀ ਕਰਨ ਅਤੇ ਨਸ਼ਿਆਂ ਦੀ ਵਰਤੋਂ ਦੇ ਆਦੀ ਹਨ। ਜੋ ਬਾਹਰਲੇ ਕੇਸਾਂ ਦੇ ਵਸਨੀਕਾਂ ਨੂੰ ਕੇਸਾਂ ਤੋਂ ਬਗੈਰ ਹੀ ਸਿਖ ਪ੍ਰਵਾਨ ਕੀਤੇ ਜਾਣ ਦੀ ਛੋਟ ਕਰ ਦਿਤੀ ਜਾਵੇ ਤਾਂ ਜ਼ਿਥੇ ਇਹ ਸੰਭਾਵਨਾ ਹੈ ਕਿ ਕੁਝ ਗਿਣਤੀ ਦੇ ਟਾਂਵੇ ਟਾਂਵੇ ਬਦੇਸ਼ੀ ਉਤਸ਼ਾਹਕ ਸਿਖ ਜਥੇਬੰਦੀ ਵਿਚ ਸ਼ਾਮਲ ਹੋ ਜਾਣਗੇ ਉਥੇ ਇਸ ਗਲ ਦੀ ਸੰਭਾਵਨਾ ਤਾਂ ਵਧੇਰੇ ਅਤੇ ਯਕੀਨੀ ਹੈ ਕਿ ਦੇਸ਼ ਵਾਸੀ ਅਧ ਪਚੱਧਾਲੇ ਲੁਕਵੇਂ ਛੁਪਵੇਂ ਢੰਗ ਨਾਲ ਕੇਸਾਂ ਦੀ ਬੇਅਦਬੀ ਕਰਨ ਵਾਲਿਆਂ ਦੀ ਬਹੁ-ਗਿਣਤੀ ਇਸ ਛੋਟ ਦਾ ਆਸਰਾ ਲੈ ਕੇ ਪੂਰਨ ਤੌਰ ਤੇ ਮੋਨੀ ਹੋ ਜਾਵੇਗੀ। ਐਸੇ ਅਪਰਾਧੀਆਂ ਵਲੋਂ ਕੀਤੀ ਗਈ ਧਾਰਮਿਕ ਉਲੰਘਣਾਂ ਜਾਂ ਆਕੀ ਪੁਣੇ ਦੀ ਸਮੁਚੀ ਕੌਮ ਵਲੋਂ ਕੁਝ ਸਮੇਂ ਲਈ ਭਾਵੇਂ ਨਿੰਦਿਆ ਕੀਤੀ ਜਾਵੇਗੀ ਪਰੰਤੂ ਕੁਝ ਸਾਲਾਂ ਪਿਛੋਂ ਐਸੇ ਪਤਿਤ-ਕਰਮੀ ਸਿਖ ਅਖੌਤੀ ਸਹਿਜਧਾਰੀਆਂ ਵਿਚ ਜਜ਼ਬ ਹੋ ਜਾਣਗੇ । ਸੋ ਅਜ ਦਾ ਪਤਿਤ ਕਰਮੀ ਸਿਖ ਕਲ੍ਹ ਨੂੰ ਸਹਿਜਧਾਰੀ ਸਿਖ ਬਣ ਜਾਵੇਗਾ ।

ਇਸ ਸਬੰਧ ਵਿਚ ਸ੍ਰੀ ਦਲੀਪ ਸਿੰਘ ਸੌਂਧ ਦੀ ਮਿਸਾਲ ਸਾਡੇ ਸਾਹਮਣੇ ਹੈ ਜੋ ਕੇਸ ਕਤਲ ਕਰਵਾਉਣ ਦੇ ਕਾਰਨ ਪਹਿਲਾਂ ਤਾਂ ਪਤਿਤ ਗਰਦਾਨਿਆ ਗਿਆ ਹੋਵੇਗਾ ਪਰ ਕੁਝ ਸਾਲਾਂ ਮਗਰੋਂ ਜਦੋਂ ਉਹ ਵਿਦੇਸ਼ ਚੋਂ ਭਾਰਤ ਵਿਚ ਆਇਆ ਤਾਂ ਦਿਲੀ ਦੀ ਸਿਖ ਸੰਗਤ ਵਲੋਂ ਕੇਵਲ ਉਸਦਾ ਨਿਘਾ ਸਵਾਗਤ ਹੀ ਨਾ ਕੀਤਾ ਗਿਆ ਸਗੋਂ ਉਸ ਨੂੰ ਸਰੋਪਾ ਬਖਸ਼ਿਆ ਗਿਆ । ਸਭ ਤੋਂ ਵਿਸ਼ੇਸ਼ ਗਲ ਇਹ ਹੈ ਕਿ ਸਿਰੋਪਾ ਦਵਾਰਾ ਸਨ-ਮਾਨ ਸਾਰਖੀ ਪਵਿਤਰ ਮਰਯਾਦਾ ਦੇ ਭੰਗ ਕੀਤੇ ਜਾਣ ਤੇ ਕਿਸੇ ਵਿਅਕਤੀ ਜਾਂ ਸੰਸਥਾ ਵਲੋਂ ਕੋਈ


www.AKJ.Org

ਪੁਛ ਪ੍ਰਤੀਤ ਹੀ ਨ ਕੀਤੀ ਗਈ।

ਸੋ ਸਿਧਾਤਾਂ ਵਿਚ ਛੋਟਾਂ ਜਾਂ ਤਬਦੀਲੀਆਂ ਕਰਨ ਨਾਲ ਵਾਧੇ ਦੀ ਆਸ ਰਖਣਾ ਵਡੀ ਮੂਰਖਤਾ ਹੈ। ਐਸਾ ਕਰਨ ਨਾਲ ਤਾਂ ਅਸੀ ਆਪਣੇ ਪੈਰ ਆਪ ਕੁਹਾੜਾ ਮਾਰਨ ਦੀ ਕੋਝੀ ਹਰਕਤ ਕਰਾਂਗੇ ਤੇ ਸ੍ਰਦਾਰ ਖੁਸ਼ਵੰਤ ਸਿੰਘ ਦੀ ਪੇਸ਼ੀਨਗੋਈ ਸੀ ਕਿ ਸਿਖੀ ਦੀ ਹੋਂਦ ਹੋਰ ਦਸ ਪੰਦਰਾਂ ਸਾਲਾਂ ਤਕ ਖਤਮ ਹੋ ਜਾਵੇਗੀ ਨੂੰ ਸਚ ਕਰ ਵਿਖਾਣ ਵਿਚ ਸਹਾਇਤਾ ਕਰਾਂਗੇ। ਇਹ ਪੇਸ਼ੀਨ ਗੋਈ ਉਸਨੇ ਆਪਣੀ ਅੰਗਰੇਜ਼ੀ ਦੀ ਪੁਸਤਕ "The Sikhs" ਵਿਚ ਲਿਖੀ।

—ਚਲਦਾ—

---

## ਲੇਖਕ ਸੱਜਣਾਂ ਦੀ ਸੇਵਾ ਵਿਚ ਬੇਨਤੀਆਂ

* ਮਾਸਕ ਪੱਤਰ "ਸੂਰਾ" ਲਈ ਭੇਜੀ ਜਾਣ ਵਾਲੀਆਂ ਰਚਨਾਵਾਂ ਅਣਛਪੀਆਂ ਅਤੇ ਇਸ ਪਰਚੇ ਲਈ ਹੀ ਵਿਸ਼ੇਸ਼ ਹੋਣੀਆਂ ਚਾਹੀਦੀਆਂ ਹਨ।
* ਲੇਖ ਗੁਰਬਾਣੀ ਦੇ ਅਧਾਰ ਤੇ ਗੁਰਮਤਿ ਸਬੰਧੀ ਵਿਚਾਰਾਂ, ਅਤੇ ਸਿਖ ਇਤਿ-ਹਾਸ ਨਾਲ ਸਬੰਧਤ ਹੋਣੇ ਜ਼ਰੂਰੀ ਹਨ।
* ਇਹ ਜ਼ਰੂਰੀ ਨਹੀਂ ਕਿ ਹਰ ਇਕ ਲੇਖ ਛਪ ਸਕੇ। ਲੇਖ ਨਾਲ ਐਡੀਟਰ ਅਤੇ ਸਲਾਹਕਾਰ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਹੈ। ਲੇਖ ਨ ਛਪ ਸਕਣ ਦੀ ਸੂਰਤ ਵਿਚ ਲੇਖਕ ਸਜਣ ਨੂੰ ਧੰਨਵਾਦ ਸਹਿਤ ਵਾਪਸ ਘਲ ਦਿਤੀ ਜਾਵੇਗੀ।
* ਲੇਖਾਂ ਵਿਚ ਗੁਰਬਾਣੀ, ਵਾਰਾਂ ਭਾਈ ਗੁਰਦਾਸ, ਗਜ਼ਲਾਂ ਭਾਈ ਨੰਦ ਲਾਲ ਸਿੰਘ ਜੀ ਤੇ ਰਹਿਤ ਨਾਮਿਆਂ ਆਦਿ ਦੀਆਂ ਤੁਕਾਂ ਸੋਧ ਕੇ ਲਿਖੀਆਂ ਹੋਣੀਆਂ ਚਾਹੀਦੀਆਂ ਹਨ। ਹਰ ਦਿਤੀ ਹੋਈ ਤੁਕ ਨਾਲ ਪੰਨਾ ਜਾਂ ਅੰਕ ਜ਼ਰੂਰ ਦਿਤੇ ਹੋਣੇ ਚਾਹੀਦੇ ਹਨ।
* ਲੇਖ ਕਾਗਜ਼ ਦੇ ਇਕ ਪਾਸੇ, ਸਵਾ ਕੁ ਇੰਚ ਹਾਸ਼ੀਆ ਛਡ ਕੇ ਸਾਫ਼ ਸੁਥਰੇ ਲਿਖੇ ਹੋਏ ਹਰ ਮਹੀਨੇ ਦੀ ਦਸ ਤਾਰੀਖ ਤਕ ਹੇਠ ਲਿਖੇ ਐਡਰੈਸ ਤੇ ਜ਼ਰੂਰ ਬ ਜ਼ਰੂਰ ਪੁਜ ਜਾਣੇ ਚਾਹੀਦੇ ਹਨ।

ਮੈਨੇਜਰ "ਸੂਰਾ"
੫੯੪/੩ ਖਾਲਸਾ ਮਹਲਾ,
ਪਟਿਆਲਾ।



www.AKJ.Org

# ਗੁਰ ਸਿਖ ਕੌਣ ਹੈ ?

ਭਾਈ ਮਨਮੋਹਨ ਸਿੰਘ ਜੀ M. Sc. (ਜੈ ਪੁਰ)

(੧)

## 'ਸਿਖ' ਸ਼ਬਦ ਦਾ ਅਰਥ

ਸ਼ਬਦ 'ਸਿਖ' ਦਾ ਅਖਰੀਂ ਅਰਥ ਹੈ 'ਸ਼ਗਿਰਦ' ਜਾਂ 'ਸ਼ਿਸ਼'। ਜਦੋਂ ਵੀ ਇਹ ਸ਼ਬਦ ਕਿਸੇ ਪ੍ਰਾਣੀ ਲਈ ਵਰਤਿਆ ਜਾਂਦਾ ਹੈ ਤਾਂ ਸੁਨਣ ਵਾਲੇ ਤੇ ਜੋ ਪਹਿਲਾ ਪ੍ਰਭਾਵ ਪੈਂਦਾ ਹੈ ਉਹ ਇਹ ਹੈ ਕਿ ਇਸ ਪ੍ਰਾਣੀ ਦਾ ਕੋਈ ਗੁਰੂ ਹੈ ਜਾਂ ਇਸ ਨੇ ਕਿਸੇ ਗੁਰੂ ਦੀ ਸਿਖੀ ਧਾਰਨ ਕੀਤੀ ਹੋਈ ਹੈ, ਇਹ ਇਕ ਪ੍ਰਤੱਖ ਸਚਾਈ ਹੈ ਕਿ ਕੋਈ ਵੀ ਕੰਮ ਸਿਖਣਾ ਹੋਵੇ, ਉਸ ਲਈ ਗੁਰੂ ਧਾਰਨ ਕਰਨਾ ਜ਼ਰੂਰੀ ਹੈ। ਇਸੇ ਲਈ ਰਾਗ ਤੇ ਹੋਰ ਦੁਨਿਆਵੀ ਵਿਦਿਆ ਵਿਚ ਪ੍ਰਪੱਕਤਾ ਪ੍ਰਾਪਤ ਕਰਨ ਲਈ ਚੰਗੇ ਤੋਂ ਚੰਗੇ ਉਸਤਾਦ ਭਾਵ ਗੁਰੂ ਦੀ ਭਾਲ ਕੀਤੀ ਜਾਂਦੀ ਹੈ। 'ਗੁਰੂ' ਸ਼ਬਦ ਦਾ ਅਰਥ ਵੀ ਅਨ੍ਹੇਰੇ ਨੂੰ ਦੂਰ ਕਰਕੇ ਚਾਨਣਾ ਕਰਨ ਵਾਲੇ ਦਾ ਲਿਆ ਜਾਂਦਾ ਹੈ ਭਾਵੇਂ ਉਹ ਅਨ੍ਹੇਰਾ ਅਨਪੜ੍ਹਤਾ ਤੇ ਜਹਾਲਤ ਦਾ ਹੋਵੇ ਤੇ ਭਾਵੇਂ ਆਤਮਕ ਅਗਿਆਨਤਾ ਦਾ।

ਪੁਰਾਤਨ ਸਮੇਂ ਵਿਚ ਹਰ ਤਰ੍ਹਾਂ ਦੀ ਵਿਦਿਆ ਦੇ ਦਾਤੇ ਗੁਰੂ ਅਖਵਾਂਦੇ ਸਨ। ਉਹ ਆਮ ਤੌਰ ਤੇ ਰਿਸ਼ੀ ਮੁਨੀ ਹੋਇਆ ਕਰਦੇ ਸਨ ਜੋ ਦੁਨਿਆਵੀ ਸ਼ੋਰ ਸ਼ਰਾਬੇ ਤੋਂ ਬਚਨ ਲਈ ਜੰਗਲਾਂ ਤੇ ਪਹਾੜਾਂ ਦੇ ਇਕਾਂਤ ਵਿਚ ਸਾਦਾ ਜੀਵਨ ਬਿਤਾਇਆ ਕਰਦੇ ਸਨ। ਇਸੇ ਲਈ ਵਿਦਿਆ ਲੈਣ ਹਾਰਿਆਂ ਨੂੰ ਵੀ ਉਨ੍ਹਾਂ ਪਾਸ ਜੰਗਲ ਪਹਾੜਾਂ ਵਿਚ ਹੀ ਸਾਲਾਂ ਬੱਧੀ ਰਹਿਣਾ ਪੈਂਦਾ ਸੀ। ਸ੍ਰੀ ਕ੍ਰਿਸ਼ਨ ਤੇ ਸੁਦਾਮੇ ਦੀ ਜਗਤ ਪ੍ਰਸਿਧ ਮਿਤ੍ਰਤਾ ਇਸੇ ਗੁਰੂ ਦੀ ਸਾਂਝ ਦਾ ਸਿੱਟਾ ਸੀ। ਅਜ ਦੇ ਨਵੀਨ ਕਾਲ ਵਿਚ ਵੀ ਇਸ ਪੱਖ ਨੂੰ ਬਹੁਤ ਮਹਾਨਤਾ ਦਿਤੀ ਜਾਂਦੀ ਹੈ ਭਾਵੇਂ ਹੁਣ ਦੇ ਵਿਦਿਆਲੇ ਜੰਗਲਾਂ ਵਿਚੋਂ ਨਿਕਲਕੇ ਯੂਨੀਵਰਸਿਟੀਆਂ ਦੇ ਰੂਪ ਧਾਰਨ ਕਰਕੇ ਵੱਡੇ ਵਡੇ ਸ਼ਹਿਰਾਂ ਦੀ ਸੋਭਾ ਵਧਾ ਰਹੇ ਹਨ।

## ਗੁਰੂ ਦੀ ਲੋੜ

ਜਦ ਆਮ ਮਾਦੀ ਵਿਦਿਆ ਦੀ ਪ੍ਰਾਪਤੀ ਲਈ ਗੁਰੂ ਧਾਰਨ ਕਰਨਾ ਜ਼ਰੂਰੀ ਹੈ ਤਾਂ ਆਤਮਕ ਉਨਤੀ ਲਈ ਤਾਂ ਗੁਰੂ ਦੀ ਲੋੜ ਹੋਰ ਵੀ ਵਧ ਹੋ ਜਾਂਦੀ ਹੈ। ਸਭ ਮੱਤਾਂ ਮਤਾਂਤ੍ਰਤਾਂ ਵਿਚ ਆਤਮਕ ਉਨਤੀ ਲਈ ਯੋਗ ਗੁਰੂ ਦਾ ਧਾਰਨ ਕਰਨਾ ਅਵਸ਼ਯ ਜ਼ਰੂਰੀ ਸਮਝਿਆ ਜਾਂਦਾ ਹੈ। ਆਮ ਪ੍ਰਚਲਤ ਅਖਾਣ ਹੈ ਕਿ "ਗੁਰੂ ਬਿਨਾ ਗਤਿ ਨਹੀਂ ਤੇ ਸ਼ਾਹ ਬਿਨਾ ਪਤ ਨਹੀਂ।" ਸਿਖ ਇਤਿਹਾਸ ਵਿਚ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਦੀ ਗੁਰੂ ਘਰ ਵਿਚ ਪ੍ਰਵੇਸ਼ ਕਰਨ ਤੋਂ ਪਹਿਲੇ ਗੰਗਾ ਯਾਤਰਾ ਦੀ ਸਾਖੀ ਵੀ ਗੁਰੂ ਦੀ ਲੋੜ ਸੰਬੰਧੀ ਪ੍ਰਚਲਤ ਖਿਆਲ ਨੂੰ ਚੰਗੀ ਤਰ੍ਹਾਂ ਪ੍ਰਗਟਾਉਂਦੀ ਹੈ। ਗੁਰਬਾਣੀ ਵਿਚ ਤਾਂ ਗੁਰੂ ਧਾਰਨ ਦੀ ਪ੍ਰੋੜ੍ਹਤਾ ਅਨੇਕ ਥਾਈਂ ਤੇ ਸਪਸ਼ਟ ਅਖਰਾਂ ਵਿਚ ਦਰਸਾਈ ਗਈ ਹੈ। ਕੁਝ ਕੁ ਨਮੂਨੇ ਮਾਤ੍ਰ ਗੁਰ ਪ੍ਰਮਾਣ ਹੇਠ ਦਿਤੇ ਜਾਂਦੇ ਹਨ :—

* ਕੋਰੈ ਰੰਗ ਕਦੇ ਨ ਚੜੈ ਜੇ ਲੋਚੇ ਸਭ ਕੋਈ ॥
ਗਿਆਨੀ ਗੁਰ ਬਿਨ ਭਗਤ ਨ ਹੋਈ ॥

* ਕਹੁ ਨਾਨਕ ਪ੍ਰਭ ਇਹੈ ਜਨਾਈ ॥
ਬਿਨ ਗੁਰ ਮੁਕਤਿ ਨ ਪਾਈਐ ਭਾਈ ॥

* ਗੁਰ ਬਿਨ ਗਿਆਨ ਨ ਹੋਵਈ ਨ ਸੁਖ ਵਸੈ ਮਨ ਆਇ ॥ ਨਾਨਕ ਨਾਮ ਵਿਹੂਣੇ ਮਨਮੁਖੀ ਜਾਸਨ ਜਨਮ ਗਵਾਇ ॥



www.AKJ.Org

* ਬਿਨ ਸਬਦੈ ਅੰਤਰ ਆਨੇਰਾ ॥
ਨ ਵਸਤ ਲਹੈ ਨ ਚੂਕੈ ਫੇਰਾ ॥
ਸਤਿਗੁਰ ਹਥ ਕੁੰਜੀ ਹੋਰਤ ਦਰ ਖੁਲੈ ਨਾਹੀ,
ਗੁਰ ਪੂਰੈ ਭਾਗ ਮਿਲਾਵਣਿਆ ॥

* ਗੁਰ ਮੰਤ੍ਰ ਹੀਣਸ੍ਯ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ ॥
ਸੂਕਰਹ ਕੂਕਰਹ ਕਾਕਹ ਗਰਧਭਹ ਤੁਲ ਖਲਹਿ ॥

ਸੋ ਇਨ੍ਹਾਂ ਗੁਰ ਪ੍ਰਮਾਣਾਂ ਤੋਂ ਸਪਸ਼ਟ ਹੈ ਕਿ ਸਤਿਗੁਰੂ ਧਾਰਨ ਕਰਕੇ ਨਾਮ ਜਾਂ ਸ਼ਬਦ ਜਾਂ ਗੁਰਮੰਤ੍ਰ ਰੂਪੀ ਦੀਖਿਆ ਲੈ ਕੇ ਹੀ ਪ੍ਰਾਣੀ ਦੀ ਘਾਲ ਕਮਾਈ ਸਫਲ ਹੋ ਸਕਦੀ ਹੈ। ਅਸਲ ਵਿਚ ਇਹ ਨਾਮ ਹੀ ਹੈ ਜੋ ਸਤਿਗੁਰੂ ਪਾਸੋਂ ਦ੍ਰਿੜ ਕਰਵਾਕੇ, ਦੀਖਿਆ ਰੂਪ ਵਿਚ ਲੈ ਕੇ ਪ੍ਰਾਣੀ ਨੇ ਮਨੁਖਾ ਜਨਮ ਸਫਲ ਕਰਨਾ ਹੈ। ਸਤਿਗੁਰੂ ਨੂੰ ਧਾਰਨ ਕਰਨ ਦਾ ਅਸਲ ਮੰਤਵ ਗੁਰਮੰਤਰ ਜਾਂ ਨਾਮ ਦੀ ਪ੍ਰਾਪਤੀ ਹੀ ਹੈ। ਇਹ ਇਕ ਆਤਮਕ ਗੋਝ ਜਾਂ ਭੇਦ ਹੈ ਕਿ ਭਾਵੇਂ ਕਿਸੇ ਪ੍ਰਾਣੀ ਨੂੰ 'ਨਾਮ' ਦਾ ਸੁਣੇ ਸੁਣਾਏ ਪਤਾ ਵੀ ਹੋਵੇ ਉਸ ਸੁਣੇ ਸੁਣਾਤੇ ਨਾਮ ਦੀ ਕਮਾਈ ਪ੍ਰਫੁਲਤ ਨਹੀਂ ਹੋ ਸਕਦੀ ਜਦ ਤਾਈਂ ਸਤਿਗੁਰੂ ਜੀ ਕਿਰਪਾ ਕਰਕੇ ਨਾਮ ਦ੍ਰਿੜ ਨਾ ਕਰਾਉਣ। ਇਹ ਹਾਸਲ ਕਰਨ ਲਈ ਜਗਿਆਸੂ ਨੂੰ ਆਪਣਾ ਆਪਾ ਅਰਪਨ ਕਰਕੇ ਆਪਣੀ ਮਤ ਨੂੰ ਗੁਰੂ ਮਤਿ ਦੇ ਦੇ ਅਧੀਨ ਲਿਆਉਣਾ ਪੈਂਦਾ ਹੈ ਕਿਉਂਕਿ ਨਾਮ ਦਾ ਦਾਤਾ ਕੇਵਲ ਸਤਿਗੁਰੂ ਹੀ ਹੈ ਤੇ ਸਤਿਗੁਰੂ ਬਾਝੋਂ ਨਾਮ ਦੀ ਪ੍ਰਾਪਤੀ ਹੋ ਹੀ ਨਹੀਂ ਸਕਦੀ ਜਿਹਾ ਕਿ :—

* ਸਤਿਗੁਰ ਦਾਤਾ ਹਰਿ ਨਾਮ ਕਾ ਪ੍ਰਭੁ ਆਪ ਮਿਲਾਵੈ ਸੋਇ ॥ ਹਉ ਗੁਰ ਸਰਣਾਈ ਢਹਿ ਪਵਾਂ ਕਰ ਦਇਆ ਮੇਲੇ ਪ੍ਰਭੁ ਸੋਇ ॥

* ਨਾਮ ਅਮੋਲਕ ਰਤਨ ਹੈ ਪੂਰੇ ਸਤਿਗੁਰ ਪਾਸਿ ॥
ਸਤਿਗੁਰ ਸੇਵੈ ਲਗਿਆਂ ਕਢਿ ਰਤਨ ਦੇਵੈ ਪਰਗਾਸਿ ॥

* ਗੁਰ ਪੂਰੇ ਕੀ ਪਉ ਸਰਣਾਈ ॥
ਮੋਹ ਸੋਗ ਸਭ ਭਰਮ ਮਿਟਾਈ ॥
ਏਕੋ ਮੰਤ੍ਰ ਦ੍ਰਿੜਾਏ ਅਉਖਧੁ ਸਚ ਨਾਮ ਰਿਦ ਗਾਇਣਾ ॥
ਜਿਸ ਨਾਮੈ ਕਉ ਤਰਸਹਿ ਦੇਵਾ ॥
ਸਗਲ ਭਗਤ ਜਾ ਕੀ ਕਰਦੇ ਸੇਵਾ ॥
ਅਨਾਥਾ ਨਾਥ ਦੀਨ ਦੁਖ ਭੰਜਨ ਸੋ ਗੁਰ ਪੂਰੇ ਤੇ ਪਾਇਣਾ ॥

ਸੋ ਇਸ ਵਿਚ ਕੋਈ ਸ਼ੱਕ ਦੀ ਗੁੰਜਾਇਸ਼ ਨਹੀਂ ਕਿ ਨਾਮ ਕਮਾਈ ਗੁਰੂ ਕ੍ਰਿਪਾ ਨਾਲ ਹੀ ਹੋ ਸਕਦੀ ਹੈ ਤੇ ਨਾਮ ਕਮਾਈ ਬਿਨਾ ਨਾਮੀ ਅਕਾਲਪੁਰਖ ਦੀ ਪ੍ਰਾਪਤੀ ਨਹੀਂ। ਸੋ ਅਕਾਲ ਪੁਰਖ ਦੀ ਪ੍ਰਾਪਤੀ ਦਾ ਇਕੋ ਇਕ ਸਾਧਨ ਗੁਰੂ ਕ੍ਰਿਪਾ ਹੈ। ਇਸੇ ਲਈ ਗੁਰਬਾਣੀ ਵਿਚ ਨਿਗੁਰੇ ਗੁਰ ਮੰਤ੍ਰ ਹੀਣਸ ਪ੍ਰਾਣੀਆਂ ਨੂੰ ਧਿਰਕਾਰਿਆ ਗਿਆ ਹੈ ਹੇਠਲਾ ਗੁਰ ਪ੍ਰਮਾਣ ਵੀ ਇਸ ਸਬੰਧ ਵਿਚ ਹੋਰ ਸਪਸ਼ਟ ਹੈ :—

* ਮਨਮੁਖ ਭਗਤਿ ਕਰਹਿ ਬਿਨੁ ਸਤਿਗੁਰ,
ਵਿਣੁ ਸਤਿਗੁਰ ਭਗਤ ਨ ਹੋਈ ਰਾਮ ॥
ਹਉਮੈ ਮਾਇਆ ਰੋਗ ਵਿਆਪੇ,
ਮਰ ਜਨਮਹਿ ਦੁਖ ਹੋਈ ਰਾਮ ॥

ਇਥੇ ਨਿਗੁਰੇ ਪ੍ਰਾਣੀ ਨੂੰ ਮਨਮੁਖ ਦੇ ਨਾਮ ਨਾਲ ਸੰਬੋਧਨ ਗਰਕੇ ਖੁਲ੍ਹੇ ਅਖਰਾਂ ਵਿਚ ਦਰਸਾਇਆ ਗਿਆ ਹੈ ਕਿ "ਵਿਣੁ ਸਤਿਗੁਰ ਭਗਤਿ ਨ ਹੋਈ ਰਾਮ" ॥ ਨਾਲ ਹੀ ਮਨਮੁਖਾਂ ਸਬੰਧੀ ਤਾਂ ਹੁਕਮ ਇਥੋਂ ਤਕ ਹੈ ਕਿ :—

"ਜਿਤਨੇ ਨਰਕ ਸੇ ਮਨਮੁਖ ਭੋਗੈ'

ਸੋ ਗੁਰਬਾਣੀ ਵਿਚ ਦਰਸਾਈ ਸੂਝ ਬੂਝ ਅਨੁਸਾਰ, ਸਤਿਗੁਰੂ ਤੋਂ ਬਿਨਾ ਨਾਮ ਦੀ ਪ੍ਰਾਪਤੀ ਨਹੀਂ ਹੁੰਦੀ ਅਤੇ ਨਾ ਹੀ ਨਾਮ ਜਪਿਆ ਜਾ ਸਕਦਾ ਹੈ। ਗੁਰਮੰਤ੍ਰ ਲਏ ਬਿਨਾ ਅੰਤਰ ਆਤਮੇ ਅਨ੍ਹੇਰਾ ਹੀ ਅਨ੍ਹੇਰਾ ਹੈ। 'ਗੁਰ ਬਿਨ ਘੋਰ


www.AKJ.Org

ਅੰਧਾਰ" ਹੈ।

ਸਚਾ ਗੁਰੂ ਕੌਣ ਹੈ ?

ਹੁਣ ਤਾਈਂ ਵੀਚਾਰ ਹੋਈ ਹੈ ਕਿ ਗੁਰੂ ਨੂੰ ਧਾਰਨਾ ਆਤਮਕ ਉਨਤੀ ਲਈ ਅਤਿ ਜ਼ਰੂਰੀ ਹੈ ਅਤੇ ਇਸ ਬਿਨਾ ਕੋਈ ਘਾਲ ਕਮਾਈ ਸਫਲ ਨਹੀਂ ਹੋ ਸਕਦੀ।

ਹੁਣ ਪ੍ਰਸ਼ਨ ਉਠਦਾ ਹੈ ਕਿ ਸੱਚਾ ਗੁਰੂ ਕੌਣ ਹੈ ਜਿਸ ਨੂੰ ਧਾਰਨ ਕਰਕੇ ਆਤਮਕ ਫਲ ਪ੍ਰਾਪਤ ਹੋ ਸਕਣ। ਪੁਰਾਤਨ ਭਾਰਤੀ ਮਰਯਾਦਾ ਅਨੁਸਾਰ ਸਾਰਾ ਜ਼ੋਰ ਗੁਰੂ ਧਾਰਨ ਕਰਨ ਤੇ ਹੈ। ਇਸ ਅਨੁਸਾਰ ਗੁਰੂ ਕੋਈ ਭੀ ਧਾਰਨ ਕੀਤਾ ਜਾਵੇ ਉਹ ਸਫਲ ਹੈ। ਇਹ ਠੀਕ ਹੈ ਕਿ ਹਰ ਕੋਈ ਆਪਣੀ ਮੱਤ ਤੇ ਬੁਧੀ ਅਨੁਸਾਰ ਪਰਖ ਕੇ, ਘੋਖ ਕੇ ਗੁਰੂ ਧਾਰਨ ਕਰਦਾ ਸੀ ਪਰ ਫਿਰ ਵੀ ਨਿਗੁਰੇ ਰਹਿਣ ਨਾਲੋਂ ਕਿਸੇ ਵੀ ਵਯਕਤੀ ਨੂੰ ਗੁਰੂ ਬਣਾ ਲੈਣਾ ਚੰਗਾ ਸਮਝਿਆ ਜਾਂਦਾ ਸੀ। ਜਿਥੋਂ ਤਕ ਦੁਨਿਆਵੀ ਸਿਖਿਆ ਦਾ ਸੰਬੰਧ ਹੈ ਇਹ ਤ੍ਰੀਕਾ ਠੀਕ ਹੋਵੇਗਾ ਪਰ ਆਤਮਕ ਮੰਡਲਾਂ ਦੀ ਸੋਝੀ ਕਰਵਾਉਣ ਲਈ ਕਿਸੇ ਯੋਗ ਤੇ ਪੂਰੇ ਗੁਰੂ ਤੋਂ ਬਿਨਾ ਹਨੇਰੇ ਵਿਚ ਟਕਰਾਂ ਮਾਰਨ ਤੋਂ ਵੱਧ ਕੁਝ ਪ੍ਰਾਪਤੀ ਨਹੀਂ। ਮਨੁਸ਼ ਦੀ ਆਪਣੀ ਮੱਤ ਜਾਂ ਬੁਧੀ ਇਸ ਯੋਗ ਹੋ ਹੀ ਨਹੀਂ ਸਕਦੀ ਕਿ ਉਹ ਸੱਚੇ ਗੁਰੂ ਨੂੰ ਪਰਖ ਸਕੇ। ਸੱਚਾ ਗੁਰੂ ਉਹ ਹੈ ਜਿਸ ਨੇ ਪਾਰ ਬ੍ਰਹਮ ਪ੍ਰਮੇਸ਼ਰ ਨੂੰ ਆਪ ਲਖਿਆ ਹੁੰਦਾ ਹੈ ਤੇ ਉਹ ਹੋਰ ਜਗਿਆ-ਸੂਆਂ ਨੂੰ ਉਸਦੇ ਲਖਣ ਵਿਚ ਸਹਾਈ ਹੁੰਦਾ ਹੈ। ਪਾਰਬ੍ਰਹਮ ਦੀ ਸੋਝੀ ਵਾਲਾ ਗੁਰੂ ਜ਼ਰੂਰੀ ਹੈ ਕਿ ਆਪ ਪਾਰਬ੍ਰਹਮ ਦੀ ਉਚਤਾਈ ਤੱਕ ਪਹੁੰਚਿਆ ਹੋਵੇ। ਜੇ ਕਰ ਇਹ ਨਾ ਹੋਵੇ ਤਾਂ ਉਹ ਦੂਜਿਆਂ ਨੂੰ ਪਾਰਬ੍ਰਹਮ ਦੀ ਅਪਹ ਅਪਾਰ ਗਤੀ ਦਾ ਗਿਆਨ ਕਿਸ ਤਰ੍ਹਾਂ ਕਰਵਾ ਸਕਦਾ ਹੈ ? ਕੋਠੇ ਤੇ ਕੀ ਪਿਆ ਹੈ ? ਇਸ ਨੂੰ ਉਹੀ ਦਸ ਸਕਦਾ ਹੈ ਜੋ ਆਪ ਕੋਠੇ ਤੇ ਚੜ੍ਹਿਆ ਹੋਵੇ। ਪਾਰਬ੍ਰਹਮ ਕੀ ਹੈ ? ਉਹ ਕਿਸ ਤਰ੍ਹਾਂ ਲਖਿਆ ਜਾ ਸਕਦਾ ਹੈ ?ਇਹ ਸਭ ਕੁਝ ਉਹੀ ਦਸ ਸਕਦਾ ਹੈ। ਜੋ ਸ੍ਵਯੰ ਪਾਰਬ੍ਰਹਮ ਨਾਲ ਇਕ ਮੁਕ ਹੋ ਚੁਕਾ ਹੋਵੇ ਜਿਹਾ ਕਿ—

ਵਡਾ ਸਾਹਿਬ ਊਚਾ ਥਾਉ ॥
ਊਚੇ ਊਪਰ ਊਚਾ ਨਾਉ ॥
ਏਵਡ ਊਚਾ ਹੋਵੈ ਕੋਇ ॥
ਤਿਸ ਊਚੇ ਕਉ ਜਾਣੈ ਸੋਇ ॥

ਸੋ ਅਲਖ ਪਾਰਬ੍ਰਹਮ ਪ੍ਰਮੇਸਰ ਦਾ ਗਿਆਨ ਹਾਸਲ ਕਰਨ ਲਈ ਗੁਰੂ ਐਸਾ ਚਾਹੀਏ ਜੋ ਖੁਦ ਇਸ ਅਵਸਥਾ ਦਾ ਮਾਲਕ ਹੋਵੇ। ਜੇ ਕਰ ਗੁਰੂ ਆਪ ਹੀ ਅਧਵਾਟੇ ਹੈ ਤਾਂ ਉਸਦੇ ਚੇਲੇ ਅਵਸ਼ਯ ਹੀ ਅਧਵਾਟੇ ਰਹਿਣਗੇ ਤਥਾ—

ਗੁਰੂ ਜਿਨਾ ਦਾ ਅੰਧਲਾ,
ਸਿਖ ਭੀ ਅੰਧੇ ਕਰਮ ਕਰੇਨਿ ॥
ਓਇ ਭਾਣੈ ਚਲਨਿ ਆਪਣੈ,
ਨਿਤ ਝੂਠੋ ਝੂਠ ਬੋਲੇਨਿ ।

ਸੋ ਸਰਬਗ ਸੱਚੇ ਗੁਰੂ ਦੀ ਪਰਖ ਮਨੁਖ ਦੀ ਅਲਪਗ ਬੁਧੀ ਕਿਵੇਂ ਕਰ ਸਕਦੀ ਹੈ ? ਐਸਾ ਜਤਨ ਕਰਨ ਵਾਲੇ ਜਗਿਆਸੂ ਚਤਰ ਤੇ ਸਿਆਣੇ ਕਹਿਵਤੀ ਗੁਰੂਆਂ ਦੇ ਚੁੰਗਲ ਵਿਚ ਸਹਿਜੇ ਹੀ ਫੱਸ ਜਾਂਦੇ ਹਨ ਤੇ ਇਸ ਤਰ੍ਹਾਂ ਇਹ ਦੁਲਭ ਜਨਮ ਬਿਰਥਾ ਹੀ ਗਵਾ ਦੇਂਦੇ ਹਨ।

(ਚਲਦਾ)



www.AKJ.Org

# ਅਰਦਾਸ

(ਮਾ: ਗੁਰਮੁਖ ਸਿੰਘ ਜੀ ਐਮ. ਏ. ਪਟਿਆਲਾ)

(੧)

ਗੁਰੂ ਨਾਨਕ ਸਾਹਿਬ ਦੇ ਘਰ ਅਰਦਾਸ ਦੀ ਬਹੁਤ ਵਡੀ ਮਹਾਨਤਾ ਹੈ। ਗੁਰ ਸਿਖ ਨੂੰ ਇਹ ਪਤਾ ਹੈ ਕਿ ਜੀਅ ਦੀ ਬਿਰਥਾ ਆਖਣ ਦਾ ਇਕੋ ਇਕ ਵਸੀਲਾ ਜੇ ਹੈ ਤਾਂ ਉਹ ਅਰਦਾਸ ਹੈ। ਜਿਥੇ ਨਾਮ ਬਾਣੀ ਸਿਖ ਦੇ ਜੀਵਨ ਦਾ ਜ਼ਰੂਰੀ ਅੰਗ ਹਨ ਉਥੇ ਅਰਦਾਸ ਦੀ ਵੀ ਜੀਵਨ ਵਿਚ ਆਪਣੀ ਮਹਾਨਤਾ ਹੈ। ਇਸਦਾ ਸਭ ਤੋਂ ਵਡਾ ਗੁਣ ਹੈ ਕਿ ਆਪਣੇ ਗੁਰੂ ਨੂੰ ਸਦਾ ਅੰਗ ਸੰਗ ਪੇਖਣ ਵਿਚ ਸਹਾਇਤਾ ਦਿੰਦੀ ਹੈ ਇਥੇ ਅਰਦਾਸ ਦੇ ਦੋ ਮਨੋਰਥਾਂ ਦਾ ਜ਼ਿਕਰ ਜ਼ਰੂਰੀ ਹੈ, ਨਿਜੀ ਅਤੇ ਪੰਥਕ ਮਨੋਰਥ। ਭਾਂਵੇਂ ਕੁਝ ਵੀ ਹੋਵੇ ਅਰਦਾਸ ਰਾਹੀਂ ਆਪਣੇ ਗੁਰੂ ਦੀ ਨਿਜੀ ਛੋਹ (*Personal Touch*) ਪ੍ਰਾਪਤ ਹੁੰਦੀ ਹੈ।

ਸਿਖ ਇਤਿਹਾਸ ਅਣਗਿਣਤ ਮਿਸਾਲਾਂ ਨਾਲ ਭਰਿਆ ਪਿਆ ਹੈ ਜਦੋਂ ਗੁਰਸਿਖਾਂ ਨੇ ਅਰਦਾਸ ਦੇ ਭਰੋਸੇ ਹਸੂ ਹਸੂ ਸ਼ਹੀਦੀਆਂ ਪ੍ਰਾਪਤ ਕੀਤੀਆਂ, ਚੜ੍ਹਦੀਆਂ ਕਲਾਂ ਵਿਚ ਰਹੇ। ਮੁਸ਼ਕਲ ਤੋਂ ਮੁਸ਼ਕਲ ਕੰਮ ਨੂੰ ਹਥ ਪਾਇਆ। ਜਮਰੌਦ ਦੇ ਕਿਲੇ ਤਕ ਖਾਲਸਈ ਝੰਡਾ ਝੁਲਾ ਦੇਣਾ ਇਹ ਸਭ ਅਰਦਾਸਦੇ ਕ੍ਰਿਸ਼ਮੇ ਹਨ। ਹਰੀ ਡਾ. ਰਾਮ ਗੁਪਤਾ ਆਪਣੀ ਪੁਸਤਕ ਸਿਖ ਇਤਿਹਾਸ ਵਿਚ ਇਕ ਇਤਿਹਾਸਕਾਰ ਵਾਂਗ ਅਚੰਭਾ ਪ੍ਰਗਟ ਕਰਦਾ ਹੈ ਕਿ ਕਿਵੇਂ ਮੁਠੀ ਭਰ ਸਿਖਾਂ ਨੇ ਸਾਰੇ ਪੰਜਾਬ ਤੇ ਕਬਜ਼ਾ ਕਰ ਲਿਆ। ਇਹ ਹਿੰਮਤ ਅਤੇ ਬਹਾਦਰੀ ਅੰਮ੍ਰਿਤ ਅਤੇ ਅਰਦਾਸ ਨੇ ਬਖਸ਼ੀ। ਭਾਈ ਸ਼ਾਮ ਸਿੰਘ ਅਟਾਰੀਵਾਲੇ ਬਾਬਾ ਫੂਲਾ ਸਿੰਘ, ਜਾ ਬਾਬਾ ਦੀਪ ਸਿੰਘ ਸਾਰਖੇ ਸੂਰਮੇ, ਗੁਰੂ ਕੇ ਲਾਲਾਂ ਦੀ ਇਕੋ ਹੀ ਡੋਰੀ ਸੀ ਅਰਦਾਸ।

ਕੀ ਅਰਦਾਸ ਕੇਵਲ ਗੁਰੂ ਨਾਨਕ ਸਾਹਿਬ ਦੇ ਘਰ ਵਿਚ ਹੀ ਹੈ? ਕੀ ਆਨ ਮਤਾਂ ਵਾਲੇ ਆਪਣੇ ਜੀਅ ਕੀ ਬਿਰਥਾ ਨਹੀਂ ਆਖਦੇ? ਫਿਰ ਉਸ ਵਿਚ ਤੇ ਅਰਦਾਸ ਵਿਚ ਕੀ ਫਰਕ ਹੈ? ਆਨਮਤਾਂ ਵਿਚ ਪ੍ਰਾਰਥਨਾਂ, *Prayer* ਜਾਂ ਦੁਆ ਤਾਂ ਹੈ, ਪਰ ਅਰਦਾਸ ਨੇ ਕੇਵਲ ਗੁਰੂ ਨਾਨਕ ਦੇ ਘਰ ਹੀ ਜਨਮ ਲੀਤਾ। ਉਪ੍ਰੋਕਤ ਸਾਧਨਾਂ ਤੇ ਅਰਦਾਸ ਵਿਚ ਬੜਾ ਫਰਕ ਹੈ। ਉਪਰ ਦਸੇ ਤਿੰਨੇ ਸਾਧਨਾਂ ਵਿਚ ਉਹ ਤਾਣ ਨਹੀਂ ਜੋ ਅਰਦਾਸ ਵਿਚ ਹੈ। ਆਨਮਤੀਏ ਦੀ ਪ੍ਰਾਰਥਨਾਂ ਸਰਬ ਸ਼ਕਤੀ ਮਾਨ ਪਾਸ ਹੀ ਹੈ। ਪਰ ਗੁਰ ਸਿਖ ਦੀ ਅਰਦਾਸ ਗੁਰੂ ਨਾਨਕ—ਗੁਰੂ ਗ੍ਰੰਥ ਸਾਹਿਬ ਪਾਸ ਹੈ। ਸਾਡੀ ਅਰਦਾਸ ਦਾ ਮੁਢ ਹੀ ਇਥੋਂ ਬਝਾ—

ਮੈਂ ਹੋਰੁ ਥਾਉ ਨਾਹੀ ਜਿਸੁ ਪਹਿ ਕਰਉ ਬੇਨੰਤੀ
ਮੇਰਾ ਦੁਖ ਸੁਖ ਤੁਝ ਹੀ ਪਾਸਿ ॥

ਪੁੰਨਾ :- ਜੀਅ ਕੀ ਬਿਰਥਾ ਹੋਇ ਸੁ ਗੁਰ ਪਹਿ
ਅਰਦਾਸਿ ਕਰਿ ॥

ਅਸਾਂ ਤਾਂ ਆਪਣੇ ਗੁਰੂ ਅਗੇ ਅਰਦਾਸ ਕਰਨੀ ਹੈ। ਸਾਡੀ ਤਾਂ ਸਚੇ ਪਾਤਸ਼ਾਹ ਤੋਂ ਛੁਟ ਹੋਰ ਕੋਈ ਥਾਂਉ ਨਹੀਂ। ਹੋਰਨਾਂ ਦੀ ਥਾਂ ਦੇਵੀ ਦੇਵਤੇ ਪੀਰ ਪੈਗਾਂਮਬਰ, ਹੋਵੇਗਾ ਪਰ ਸਿਖ ਲਈ

ਗੁਰੂ ਬਿਨਾ ਮੈਂ ਨਾਹੀ ਹੋਰ ॥

"ਗੁਰ ਪਰਮੇਸਰ ਇਕੋ ਜਾਨ" ਦਾ ਫੁਰਮਾਨ ਸਾਡਾ ਟਪਲਾ ਦੂਰ ਕਰਨ ਲਈ ਗੁਰੂ ਬਾਬੇ ਨੇ ਸੰਕੇਤ ਕਰ ਦਿਤਾ ਹੈ। ਮੌਜੂਦਾ ਗੁਰੂ,



www.AKJ.Org

ਸਾਹਿਬ ਗੁਰੂ ਗ੍ਰੰਥ ਸਾਹਿਬ ਹੀ ਹਨ। ਨਿਤਾ ਪ੍ਰਤੀ ਅਸੀਂ ਸਾਰੇ ਇਹਨਾਂ ਅਗੇ ਅਰਦਾਸ ਕਰਦੇ ਹਾਂ। ਗੁਰੂ ਵਿਚੋਲਾ ਹੈ, ਗੁਰੂ ਹਰਿ ਕੀ ਦਰਗਾਹ ਦਾ ਬਾਸੀਠ ਹੈ। ਅਸੀਂ ਤਾਂ ਆਪਣੇ ਜੀਅ ਦੀ ਬਿਰਥਾ ਗੁਰੂ ਅਗੇ ਅਰਦਾਸ ਦੇ ਰੂਪ ਵਿਚ ਆਖਣੀ ਹੈ।

ਗੁਰ ਸਿਖ ਨੂੰ ਨਿਸਚਾ ਹੈ ਕਿ ਪ੍ਰਾਰਥਨਾ, ਜਾ ਦੁਆ ਸ਼ਾਇਦ ਕਬੂਲ ਹੋਵੇ ਜਾਂ ਨਾ ਪਰ—

ਬਿਰਥੀ ਕਦੇ ਨਾ ਹੋਵਈ ਜਨ ਕੀ ਅਰਦਾਸ ॥

ਅਰਦਾਸ ਕਦੇ ਬਿਰਥੀ ਨਹੀਂ ਜਾਂਦੀ ਇਸੇ ਲਈ ਤਾਂ ਗੁਰੂ ਘਰ ਵਿਚ ਮਰਯਾਦਾ ਬਣ ਚੁਕੀ ਹੈ ਕਿ ਅਰਦਾਸ ਕਰਕੇ ਪਿਛੇ ਨਹੀਂ ਹਟਣਾ। ਅਸੀਂ ਜੇ ਪਿਛੇ ਹਟ ਜਾਂਦੇ ਹਾਂ ਤਾਂ ਸਾਨੂੰ ਆਪਣੀ ਕੀਤੀ ਅਰਦਾਸ ਤੇ ਭਰੋਸਾ ਨਹੀਂ, ਗੁਰੂ ਤੇ ਭਰੋਸਾ ਨਹੀਂ, ਅਰਦਾਸ ਜੇਹੀ ਕੀਤੀ ਜੇਹੀ ਨ ਕੀਤੀ।

ਪੰਜਵੀਂ ਪਾਤਸ਼ਾਹੀ ਸਮੇਂ ਭਾਈ ਬੁਧੂ ਜੀ ਦੇ ਘਰ ਗੁਰੂ ਸਾਹਿਬ ਅਗੇ ਸਿਖ ਅਰਦਾਸ ਕਰ ਰਿਹਾ ਹੈ ਕਿ ਸਚੇ ਪਾਤਸ਼ਾਹ ਬੁਧੂ ਦਾ ਆਵਾ ਪੱਕਾ ਕਰੋ। ਇਕ ਹੋਰ ਗੁਰਸਿਖ, ਜਿਸ ਦੇ ਮੈਲੇ ਛੀਥੜੇ ਪਾਏ ਹੋਏ ਹਨ, ਬੁਧੂ ਦੇ ਮਕਾਨ ਦੇ ਬਾਹਰ ਖੜਾ ਹੈ, ਜਿਸ ਨੂੰ ਅੰਦਰ ਨਹੀਂ ਜਾਣ ਦਿਤਾ ਗਿਆ। ਅੰਦਰ ਅਰਦਾਸ ਹੋਵੇ ਪਈ 'ਬੁਧੂ ਦਾ ਆਵਾ ਪੱਕਾ', ਪਰ ਬਾਹਰ ਸਿਖ ਕਹਿ ਰਿਹਾ ਹੈ 'ਬੁਧੂ ਦਾ ਆਵਾ ਕੱਚਾ'। ਗੁਰੂ ਅਗੇ ਦੋ ਅਰਦਾਸਾਂ ਹਨ ਪਰ ਦੋਨੋ ਆਪੋ ਵਿਚ ਉਲਟ। ਕੀਹਦੀ ਅਰਦਾਸ ਮੰਨੀ ਜਾਏ? ਅਰਦਾਸਾਂ ਦੋਨੋਂ ਪਰਵਾਨ ਹੋਈਆਂ। ਆਵਾ ਕੱਚਾ ਹੀ ਰਿਹਾ। ਪਰ ਵਿਕਿਆ ਪਕਿਆਂ ਦੇ ਭਾਅ। ਗੁਰੂ ਅਗੇ ਅਰਦਾਸ ਦੀ ਰਮਜ਼ ਬਾਣੀ ਵਿਚ ਇਉਂ ਮਿਲਦੀ ਹੈ। ਰਾਮਕਲੀ ਕੀ ਵਾਰ ਵਿਚ ਫੁਰਮਾਨ ਹੋਇਆ ਹੈ।

"ਸਤਿਗੁਰੁ ਆਖੈ ਸਚਾ ਕਰੇ ਸਾ ਬਾਤ ਹੋਵੈ ਦਰ ਹਾਲੀ॥"

ਸਾਡੇ ਲਈ ਤਾਂ ਰਸਤਾ ਹੀ ਸਾਫ ਹੈ। ਸਿਖ ਨੇ ਤਾਂ ਗੁਰੂ ਅਗੇ ਅਰਦਾਸ ਕਰਨੀ ਹੈ। ਸਿਧੇ ਅਕਾਲ ਪੁਰਖ ਅਗੇ ਅਰਦਾਸ ਕਰਨੀ ਮਾੜੀ ਨਹੀਂ ਪਰ ਸਿਖ ਨੇ ਤਾਂ ਗੁਰੂ ਰਾਹੀਂ ਮਨਜ਼ਲ ਤੇ ਅਪੜਨਾ ਹੈ। ਜੇ ਸਿਧੇ( Direct ) ਹੀ ਜਾਣਾ ਹੈ ਤਾਂ ਫਿਰ ਗੁਰੂ ਦੀ ਉਸ ਜਗਿਆਸੂ ਨੂੰ ਲੋੜ ਨਹੀਂ। ਅਰਦਾਸ ਦੇ ਦੋ ਮੁਢਲੇ ਆਧਾਰ ਹਨ ਇਕ ਤਾਂ ਇਹ ਭਰੋਸਾ ਕਿ ਸਚਾ ਪਾਤਸ਼ਾਹ ਸਾਡੇ ਜੀਅ ਕੀ ਵੇਦਨ ਜਾਣਦਾ ਹੈ। ਅਤੇ ਸਰਬ ਕਲਾ ਸਮਰਥ ਹੈ।

"ਜੋ ਜੋ ਕਹੈ ਠਾਕੁਰ ਪਹਿ ਸੇਵਕ ਤਤ ਕਾਲ ਹੋਇ ਆਵੈ"। ਸਿਖ ਦਾ ਠਾਕੁਰ ਸਤਿਗੁਰ ਹੈ।

'ਹਮਰਾ ਠਾਕੁਰ ਸਤਿਗੁਰੁ ਪੂਰਾ ਮਨੁ ਗੁਰ ਕੀ ਕਾਰ ਕਮਾਵੈ'॥

ਦੂਜਾ ਭਰੋਸਾ ਇਹ ਹੈ ਕਿ ਉਹ ਅਰਦਾਸ ਸੁਣਦਾ ਹੈ, ਅਤੇ ਕਬੂਲਦਾ ਹੈ। ਸਿਖ ਲਾਡ ਕਰਦਾ ਹੈ ਸਤਿਗੁਰ ਲਾਡ ਲਡਾਉਂਦਾ ਹੈ। ਕੋਈ ਸਜਨ ਪ੍ਰਸ਼ਨ ਉਠਾ ਸਕਦਾ ਹੈ ਕਿ ਕੀ ਪਾਪੀ ਪਾਖੰਡੀ ਦੀ ਅਰਦਾਸ ਵੀ ਸੁਣੀ ਜਾਏਗੀ? ਇਥੇ ਸਵਾਲ ਸਿਖ ਅਤੇ ਗੁਰੂ ਦਾ ਹੈ ਪਹਿਲਾਂ ਗੁਰੂ ਕਾ ਸਚਿਆਰ ਸਿਖ ਬਣੇ ਫਿਰ ਤਾਂ ਰਸਤਾ ਹੀ ਸਾਫ ਹੈ। ਪਾਪੀ ਪਾਖੰਡੀ ਸਚੇ ਦਿਲੋਂ ਅਰਦਾਸ ਕਰ ਹੀ ਨਹੀਂ ਸਕਦਾ। ਜਦੋਂ ਉਸਦੇ ਹਿਰਦੇ ਵਿਚੋਂ ਅਰਦਾਸ ਨਿਕਲੇਗੀ, ਉਦੋਂ ਉਹ ਕਬੂਲ ਹੋਵੇਗੀ, ਪਰ ਨਾਲ ਹੀ ਪਾਪੀ, ਪਾਖੰਡੀ, ਦੁਰਚਾਰੀ ਦੀ ਕਾਇਆ ਪਲਟ ਜਾਏਗੀ।

ਸਤਿਗੁਰ ਪਾਪੀ ਪੜਦਾ ਢਕ ਲੈਂਦਾ ਹੈ। ਉਸਦੀ ਬਖ਼ਸ਼ਸ਼ ਦਾ ਅੰਤ ਨਹੀਂ। ਉਸਦੀ ਬਖ਼ਸ਼ਸ਼ ਨਿਰਾਲੀ ਹੈ। ਗੁਰੂ ਨਾਨਕ ਦੇਵ ਜੀ ਦੇ ਘਰ ਪਾਪੀ ਤੋਂ ਪਾਪੀ ਜਦੋਂ ਸ਼ਰਨ ਆਏ ਬਖਸ਼ੇ ਗਏ। ਸਜਨ ਠਗ, ਮਲਕ ਭਾਗੋ, ਭਾਈ ਬਿਧੀ ਚੰਦ ਆਦਿ ਜੋ ਆਨ ਮਤੀਆਂ ਦੇ ਕਰਮਾਂ ਦੇ ਇਨਸਾਫ ਨੂੰ ਪਤਾ ਨਹੀਂ ਕਿਨਾ ਕੁ ਚਿਰ ਉਡੀਕਦੇ ਰਹਿੰਦੇ ਪਰ ਇਥੇ ਤਾਂ 'ਬਖਸ਼ ਲਿਆ ਖਿਨ ਮਾਹੀ' ਦੀ ਖੇਡ ਵਰਤੀ, ਹਮ ਜੈਸੇ ਅਪਰਾਧੀ ਅਵਰੁ ਕੋਈ ਰਾਖੈ ਜੈਸੇ ਹਮ ਸਤਿਗੁਰਿ ਰਾਖ ਲੀਏ ਛਡਾਇ॥ ਵਿਚ ਅਨਮਤਾਂ ਚਨੌਤੀ ਹੈ, ਕੋਈ ਹੋਰ ਰਖ ਕੇ ਦੇਖੇ ਜਿਸ ਤਰਾਂ


www.AKJ.Org

ਮੇਰੇ ਸਤਿਗੁਰ ਸਚੇ ਪਾਤਸ਼ਾਹ ਨੇ ਮੈਨੂੰ ਰਖ ਲਿਆ। ਅਰਦਾਸ ਦੀ ਇਕ ਹੋਰ ਮਨਜ਼ਲ ਦਾ ਸੰਕੇਤ ਬਾਣੀ ਵਿਚ ਮਿਲਦਾ ਹੈ।

"ਮੇਰੀ ਬਾਂਧੀ ਭਗਤ ਛਡਾਵੈ ਬਾਂਧੈ ਭਗਤ ਨ ਛੂਟੈ ਮੋਹਿ ॥" ਸੰਕੇਤ ਅਕਾਲ ਪੁਰਖ ਜੀ ਦੀ ਭਗਤਾਂ ਦੇ ਪਰੇਮ ਪਿਆਰ ਵਿਚ ਵਸ ਹੋਇ ਹੋਇ ਬੇਬਸੀ ਦੀ ਅਵਸਥਾ ਦਾ ਹੈ। ਇਹ ਤਾਂ ਅਖਾੜਾ ਹੀ ਪਰੇਮ ਦਾ ਹੈ, 'ਹਰਿ ਪ੍ਰੀਤਮ ਸਚੇ' ਦਾ ਹੈ। ਇਥੇ ਪਿਆਰਿਆਂ ਨੂੰ, ਲਾਡਲਿਆ ਨੂੰ, ਆਪਣੇ ਪਰੀਤਮ ਦਾ ਸੁਚਾ ਮਾਣ ਹੈ। ਜਿਵੇਂ ਭਗਤ ਜਨਾਂ ਨੂੰ ਅਕਾਲ ਪੁਰਖ ਤੇ ਮਾਣ ਹੈ ਤਿਵੇਂ ਸਿਖ ਨੂੰ ਗੁਰੂ ਗ੍ਰੰਥ ਸਾਹਿਬ ਤੇ ਮਾਣ ਹੈ। ਅਕਾਲ ਪੁਰਖ ਭਗਤ ਜਨਾਂ ਦੇ ਵਸ ਹੈ, ਸਤਿਗੁਰੂ ਸਚਾ ਪਾਤਸ਼ਾਹ ਸਿਖ ਦੇ ਪਰੇਮ ਦੇ ਵਸ ਹੈ। ਗੁਰੂ ਦੀ ਦਰਗਾਹ ਵਿਚ ਸਿਖ ਦਾ ਕਿਹਾ ਚਲਦਾ ਹੈ। ਕਿਉਂਕਿ ਸਤਿਗੁਰੂ ਸਿਖ ਦਾ ਹਲਤ ਪਲਤ ਸਵਾਰ ਕੇ ਜੀਅ ਨਾਲ ਸਮਾਰਦਾ ਹੈ। ਸਿਖ ਦੀ ਅਰਦਾਸ ਸਤਿਗੁਰ ਜੀ ਨੂੰ ਵੀ ਬੰਨ ਲੈਂਦੀ ਹੈ। ਪੰਜਵੀਂ ਪਾਤਸ਼ਾਹੀ ਨੇ ਸਿਖ ਦੀ ਅਰਦਾਸ ਤੇ ਚੰਦੂ ਦੀ ਧੀ ਦਾ ਸਾਕਾ ਮੋੜ ਦਿਤਾ। ਸੋਇਨ ਮੋਇਨਾਂ ਦਸਵੇਂ ਪਾਤਸ਼ਾਹ ਦੇ ਦਰਸ਼ਨਾਂ ਨੂੰ ਕਈ ਚਿਰ ਸਿਕਦੇ ਰਹੇ ਕਿਉਂਕਿ ਪਾਤਸ਼ਾਹ ਸਿਖ ਦੇ ਬਚਨਾਂ ਠਾਕੁਰ ਦਰਸ਼ਨ ਨਹੀਂ ਦੇਣਗੇ ਦੀ ਬਾਂਧੀ ਵਿਚ ਸਨ ਭਾਂਵੇ ਭਾਈ ਮਹਾਂ ਸਿੰਘ ਆਦਿ ਚਾਲੀ ਮੁਕਤੇ ਬੇਦਾਵਾ ਲਿਖ ਕੇ ਆਏ ਸਨ ਪਰ ਉਹ ਬੇਦਾਵਾ ਤਦੋਂ ਟੁਕੜੇ ਟੁਕੜੇ ਹੋਇਆ ਜਦੋਂ ਸਿਖ ਨੇ ਅਰਦਾਸ ਕੀਤੀ। ਬੇਅੰਤ ਮਿਸਾਲਾਂ ਹਨ, ਗੁਰ ਇਤਿਹਾਸ ਵਿਚ। ਗੁਰੂ ਨਾਨਕ ਦੇ ਘਰ ਵਿਚ ਇਹ ਇਕ ਅਦਭੁਤ ਰਿਸ਼ਤਾ ਦੇਖਿਆ ਹੈ ਗੁਰੂ ਦਾ ਅਤੇ ਸਿਖ ਦਾ। ਅਰਦਾਸ ਨਿਤਾ ਪ੍ਰਤੀ ਇਸ ਪ੍ਰੀਤ ਨੂੰ ਲਿਸ਼ਕਾਉਂਦੀ ਹੈ। ਗੁਰ ਸਿਖ ਦੇ ਜੀਵਨ ਦਾ ਜਿਥੇ ਨਿਤਨੇਮ, ਨਾਮ ਅਤੇ ਬਾਣੀ ਅਨਿਖੜਵਾਂ ਅੰਗ ਹਨ ਉਥੇ ਅਰਦਾਸ ਵੀ ਇਕ ਜ਼ਰੂਰੀ ਅੰਗ ਹੈ।

'ਕਰਉ ਅਰਦਾਸਿ ਅਪਨੇ ਸਤਿਗੁਰ ਪਾਸਿ ॥'

ਹੁਣ ਸਵਾਲ ਹੈ ਕਿ ਅਰਦਾਸ ਵਿਚ ਕੀ ਮੰਗਣਾ ਚਾਹੀਦਾ ਹੈ? ਇਥੇ ਅਰਦਾਸ ਦੇ ਦੋ ਰੂਪ ਹੋ ਜਾਂਦੇ ਹਨ। ਇਕ ਤਾਂ ਸਰਬਤ ਦਾ ਭਲਾ ਮੰਗਨ ਹਿਤ, ਅਤੇ ਦੂਸਰੀ ਨਿਜੀ ਮਨੋਰਥਾਂ ਦੀ ਪੂਰਤੀ ਲਈ। ਗੁਰਬਾਣੀ ਸੰਕੇਤ ਦਿੰਦੀ ਹੈ ਕਿ ਉਚੀ ਅਤੇ ਸੁਚੀ ਮੰਗ ਨਾਮ ਰਾਸਿ ਦੀ ਹੈ।

ਕਰਉ ਅਰਦਾਸਿ ਅਪਨੇ ਸਤਿਗੁਰ ਪਾਸਿ ॥
ਨਾਨਕ ਨਾਮੁ ਮਿਲੈ ਸਚੁ ਰਾਸਿ ॥

ਪਰ ਅਸੀਂ ਮਨੁਖੀ ਦੁਨੀਆਂ ਵਿਚ ਵਸਦੇ ਹਾਂ, ਸਾਡੀਆਂ ਅਣਗਿਣਤ ਲੋੜਾਂ ਹਨ, ਸੋ ਦੁਖ ਸੁਖ ਹੈ ਕਿਸ ਅਗੇ ਜਾ ਕਹੀਏ? ਦੁਖ ਸੁਖ ਸਤਿਗੁਰਾਂ ਅਗੇ ਹੀ ਕਹਿਣਾ ਹੈ। ਧੰਨੇ ਭਗਤ ਜੀ ਦੀਆਂ ਮੰਗਾਂ ਦੀ ਸੂਚੀ ਗ੍ਰਹਸਤੀ ਸਿਖ ਦੀਆਂ ਲੋੜਾਂ ਦੀ ਸੰਕੇਤਕ ਹੈ। ਬਾਰਿਕ ਵਾਂਗੀ ਹਉ ਸਭ ਕਿਛੁ ਮੰਗਾ ਵਿਚ ਇਸ਼ਾਰਾ ਹੈ। ਅਗੋਂ ਇਹ ਸਿਖ ਤੇ ਛਡਿਆ ਗਿਆ ਹੈ ਕਿ ਉਹ ਅਰਦਾਸ ਕਿਹੋ ਜੇਹੀ ਕਰੇ। ਇਹ ਸਾਰਾ ਕੁਝ ਨਿਜ ਪੜਦੇ ਹੇਠ ਲੁਕਿਆ ਹੀ ਸੋਭਦਾ ਹੈ। ਛੋਟੀਆਂ ਮੋਟੀਆਂ ਮੰਗਾਂ ਦਾ ਸੁਤੇ ਹੀ ਪੂਰਾ ਹੋ ਜਾਣਾ ਕੋਈ ਵਡੀ ਗਲ ਨਹੀਂ।

ਜੋ ਮੋਰਚਾ ਫਤਹ ਕਰਨ ਵਾਲਾ ਹੈ ਉਸ ਲਈ ਸਾਰੇ ਅਰਦਾਸ ਕਰਦੇ ਹਨ। 'ਸਿਖੀ ਕੇਸਾਂ ਸੁਆਸਾਂ ਸੰਗ ਨਿਭੇ' ਪੁਰਾਤਨ ਗੁਰ ਸਿਖਾਂ ਦੀ ਅਰਦਾਸ ਹੁੰਦੀ ਸੀ ਜੋ ਹੁਣ ਤਕ ਸਾਡੀ ਪੰਥਕ ਤੇ ਨਿਜੀ ਅਰਦਾਸ ਦਾ ਅੰਗ ਹੈ।

ਸਮੁਚੇ ਤੌਰ ਤੇ ਗੁਰੂ ਘਰ ਦਾ ਕੋਈ ਸਮਾਗਮ ਨਹੀਂ ਜਿਸ ਵਿਚ ਅਰਦਾਸ ਨ ਹੋਵੇ। ਦੀਵਾਨ ਸਜੇ ਹਨ, ਸਮਾਪਤੀ ਅਰਦਾਸੇ ਨਾਲ, ਹੁੰਦੀ ਹੈ। ਲੰਗਰ ਤਿਆਰ ਹੈ ਅਰੰਭ ਅਰਦਾਸੇ ਨਾਲ। ਕਿਤੇ ਜਾਣ ਲਈ ਗੁਰ ਸਿਖਾਂ ਨੇ ਕਮਰ-ਕਸੇ ਕੀਤੇ ਹਨ, ਜਾਣ ਤੋਂ ਪਹਿਲਾਂ ਅਰਦਾਸਾ ਅੰਮ੍ਰਿਤ ਦਾ ਛਾਂਦਾ ਤਿਆਰ ਕਰਨ ਤੋਂ ਪਹਿਲਾਂ

(ਬਾਕੀ ਦੇਖੋ ਸਫਾ ੨੩)



www.AKJ.Org

# ਹਰਿ ਧਨ

ਭਾਈ ਅਜੀਤ ਸਿੰਘ ਜੀ, ਓਵਰਸੀਅਰ (ਕੋਟਕਪੂਰਾ)

ਹਰਿ ਧਨ ਦਾ ਭਾਵ ਗੁਰਮਤਿ ਨਾਮ ਅਭਿਆਸ ਕਮਾਈ ਹੈ। ਮਾਨਸ ਜਨਮ ਦਾ ਇਹੋ ਹੀ ਲਾਹਾ ਹੈ ਕਿ ਨਾਮ ਦੀ ਵਧ ਤੋਂ ਵਧ ਕਮਾਈ ਕਰਕੇ ਹਰਿ ਧਨ ਸੰਚਨ ਕੀਤਾ ਜਾਵੇ ਜਿਹੜਾ ਲੋਕ ਪਰਲੋਕ ਵਿਚ ਸਹਾਈ ਹੁੰਦਾ ਹੈ, ਜਿਸ ਨੂੰ ਨਾ ਹੀ ਚੋਰ ਚੁਰਾ ਸਕਦਾ ਹੈ ਅਤੇ ਨਾ ਹੀ ਕੋਈ ਵੰਡਾ ਸਕਦਾ ਹੈ। ਹੋਰ ਤਾਂ ਹੋਰ ਖਾਏ ਖਰਚੇ ਤੋਂ ਵੀ ਮੁਕ ਨਹੀਂ ਸਕਦਾ ਸਗੋਂ ਵਧਦਾ ਹੀ ਜਾਂਦਾ ਹੈ–

ਖਾਵਹਿ ਖਰਚਹਿ ਰਲਿ ਮਿਲਿ ਭਾਈ।
ਤੋਟਿ ਨ ਆਵੈ ਵਧਦੋ ਜਾਈ।
(ਗਉੜੀ ਗੁਆਰੇਰੀ ਮਃ ੫)

ਅਖੁਟ ਨਾਮ ਧਨੁ ਕਦੇ ਨਿਖੁਟੈ ਨਾਹੀ
ਕਿਨੈ ਨ ਕੀਮਤਿ ਹੋਇ।
(ਸੋਰਠਿ ਮ: ੩)

ਹਰਿ ਧਨ ਨੂੰ ਸਚਾ ਧਨ ਕਿਹਾ ਹੈ ਕਿਉਂਕਿ ਇਹ ਜੀਵ ਦਾ ਹਰ ਥਾਂ ਅਤੇ ਹਰ ਵੇਲੇ ਸਹਾਈ ਹੁੰਦਾ ਹੈ। ਇਸ ਸਚੇ ਧਨ ਨਾਲ ਹੀ ਜੀਵਨ ਸਫਲ ਅਤੇ ਸੁਹੇਲਾ ਹੋ ਸਕਦਾ ਹੈ ਪ੍ਰੰਤੂ ਇਹ ਖਜ਼ਾਨਾ ਉਨ੍ਹਾਂ ਦੇ ਹੀ ਹਥ ਲਗਦਾ ਹੈ ਜਿਨ੍ਹਾਂ ਨੂੰ ਪੂਰੇ ਸਤਿਗੁਰੂ ਦੀ ਪ੍ਰਾਪਤੀ ਹੁੰਦੀ ਹੈ ਜਿਵੇਂ ਕਿ ਇਸ ਗੁਰਵਾਕ ਵਿਚ ਕਿਹਾ ਗਿਆ ਹੈ–

ਇਸ ਜਗ ਮਹਿ ਸੰਤੀ ਧਨ ਖਟਿਆ
ਜਿਨਾ ਸਤਿਗੁਰੁ ਮਿਲਿਆ ਪ੍ਰਭੁ ਆਇ।
(ਸਲੋਕ ਮ: ੩)

ਗੁਰੂ ਦੀ ਦੀਖਿਆ ਪਰਾਪਤ ਕੀਤੇ ਬਿਨਾ ਨਾਮ ਦੀ ਕਮਾਈ ਕੋਈ ਅਰਥ ਨਹੀਂ ਰਖਦੀ। ਨਿਗੁਰੇ ਪੁਰਸ਼ ਇਸ ਅਮੋਲਕ ਖਜ਼ਾਨੇ ਤੋਂ ਸਖਣੇ ਰਹਿ ਜਾਂਦੇ ਹਨ। ਇਸ ਅਮੋਲਕ ਦਾਤ ਨੂੰ ਪਰਾਪਤ ਕਰਨ ਲਈ ਜ਼ਰੂਰੀ ਹੈ ਕਿ ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤ ਛਕ ਕੇ ਸਤਿਗੁਰੂ ਦੇ ਲੜ ਲਗਿਆ ਜਾਵੇ। ਉਹ ਲੋਕ ਮਨਮੁਖ ਹੁੰਦੇ ਹਨ ਜਿਹੜੇ ਸਚੇ ਗੁਰੂ ਦੇ ਧਾਰਨ ਕੀਤੇ ਬਿਨਾਂ ਭਗਤੀ ਕਰਨ ਦੀ ਕੋਸ਼ਸ਼ ਕਰਦੇ ਹਨ, ਉਨ੍ਹਾਂ ਦੀ ਭਗਤੀ ਕਿਸੇ ਲੇਖੇ ਨਹੀਂ ਪੈਂਦੀ–

ਮਨਮੁਖ ਭਗਤਿ ਕਰਹਿ ਵਿਣੁ ਸਤਿਗੁਰ
ਵਿਣੁ ਸਤਿਗੁਰ ਭਗਤਿ ਨ ਹੋਈ ਰਾਮ।
(ਸੂਹੀ ਮ: ੩)

"ਸਾਚਾ ਧਨੁ ਗੁਰਮਤੀ ਪਾਏ" ਦੇ ਵਾਕ ਅਨੁਸਾਰ ਨਾਮ ਧਨ ਦੀ ਪਰਾਪਤੀ ਗੁਰੂ ਦੀ ਮਤ ਮਗਰ ਚਲਿਆਂ ਹੀ ਹੋ ਸਕਦੀ ਹੈ। ਜਿਹੜੇ ਵਡਭਾਗੇ ਜਨ ਗੁਰਮਤਿ ਗ੍ਰਹਣ ਕਰਦੇ ਹੋਏ ਨਾਮ ਦੀ ਕਮਾਈ ਕਰਦੇ ਹਨ ਉਨ੍ਹਾਂ ਨੂੰ ਕਿਸੇ ਪਰਕਾਰ ਦੀ ਵੀ ਤੋਟ ਨਹੀਂ ਆਉਂਦੀ। ਉਨ੍ਹਾਂ ਦੇ ਧਨ ਵਿਚ ਨਿਤ ਦੂਣ ਸਵਾਇਆ ਵਾਧਾ ਹੁੰਦਾ ਰਹਿੰਦਾ ਹੈ। ਉਹੋ ਹੀ ਆਪਣੇ ਆਪ ਨੂੰ ਧਨਵੰਤ ਅਤੇ ਸ਼ਾਹ ਅਖਵਾ ਸਕਦੇ ਹਨ :–

ਧਨਵੰਤ ਨਾਮ ਕੇ ਵਣਜਾਰੇ।
(ਸਾਰਗ ਮ: ੫)

ਜਾਕੈ ਹਰਿ ਧਨ ਸੋ ਸਚੁ ਸਾਹੁ ॥
(ਗਉੜੀ ਮ: ੫)

ਨਾਮ ਧਨੁ ਜਿਸ ਜਨ ਕੈ ਪਾਲੈ
ਸੋਈ ਪੂਰਾ ਸਾਹਾ ॥ (ਧਨਾਸਰੀ ਮ: ੫)

ਜਿਨਿ ਨਾਉ ਪਾਇਆ ਸੋ ਧਨਵੰਤਾ ਜੀਉ ॥
(ਰਾਗ ਗਉੜੀ ਮਾਝ ਮ: ੫)

ਹਰਿ ਧਨ ਤੋਂ ਬਿਨਾਂ ਬਾਕੀ ਸਾਰੇ ਦੁਨਿਆਵੀ ਧਨ ਕਚੇ ਦਸੇ ਗਏ ਹਨ ਕਿਉਂਕਿ ਉਹ ਜੀਵ ਦਾ ਅੰਤ ਸਮੇਂ ਸਾਥ ਨਹੀਂ ਦੇ ਸਕਦੇ ਸਗੋਂ



www.AKJ.Org

ਦੁਖਦਾਈ ਸਾਬਤ ਹੁੰਦੇ ਹਨ :–

ਧਨ ਸੰਪੈ ਮਾਇਆ ਸੰਚੀਐ ਅੰਤੇ ਦੁਖਦਾਈ ।
ਘਰ ਮੰਦਰ ਮਹਲ ਸਵਾਰੀਅਹਿ ਕਿਛੁ ਸਾਥਿ
ਨ ਜਾਈ । (ਮ: ੩ ਪਉੜੀ)

ਜਿਹੜੇ ਇਨਸਾਨ ਸਚੇ ਧਨ ਨੂੰ ਛਡ ਕੇ ਕੱਚੇ ਧਨ ਮਗਰ ਲਗਦੇ ਹਨ । ਉਹ "ਡਾਲੀ ਲਾਗੇ ਤਿਨੀ ਜਨਮ ਗਵਾਇਆ" ਦੇ ਮੁਤਾਬਕ ਆਪਣੇ ਜਨਮ ਨੂੰ ਨਿਸਫਲ ਗੁਆ ਬੈਠਦੇ ਹਨ । ਅਜਿਹੇ ਆਦਮੀਆਂ ਨੂੰ ਗੁਰੂ ਸਾਹਿਬ ਨੇ ਮੂਰਖ ਅਤੇ ਗਵਾਰ ਦਾ ਦਰਜਾ ਦਿਤਾ ਹੈ ਅਤੇ ਕਿਹਾ ਕਿ–

ਕਾਚਾ ਧਨ ਸੰਚਹਿ ਮੂਰਖ ਗਾਵਾਰ ।
ਮਨਮੁਖ ਭੂਲੇ ਅੰਧ ਗਾਵਾਰ ।
ਬਿਖਿਆ ਕੈ ਧਨਿ ਸਦਾ ਦੁਖੁ ਹੋਇ ।
ਨਾ ਸਾਥਿ ਜਾਇ ਨ ਪਰਾਪਤਿ ਹੋਇ ।
(ਧਨਾਸਰੀ ਮ: ੩)

ਸੰਗਿ ਨਾ ਚਾਲਸਿ ਤੇਰੈ ਧਨਾ ।
ਤੂੰ ਕਿਆ ਲਪਟਾਵਹਿ ਮੂਰਖ ਮਨਾ ।
(ਗਉੜੀ ਸੁਖਮਨੀ ਮ: ੫)

ਮਾਇਆ ਕਉ ਲੂਝਹਿ ਗਾਵਾਰੀ । (ਆਸਾ ਮ: ੪)

ਬਿਨੁ ਨਾਵੈ ਹੋਰੁ ਕਮਾਵਣਾ
ਫਿਕਾ ਆਵੈ ਸਾਦੁ । (ਪ੍ਰਭਾਤੀ ਮ: ੧)

ਗੁਰਬਾਣੀ ਵਿਚ ਹਰਿ ਧਨ ਬਾਬਤ ਲਿਖੇ ਗਏ ਸ਼ਬਦਾਂ ਵਿਚੋਂ ਵੰਨਗੀ ਮਾਤਰ ਕੁਝ ਕੁ ਸ਼ਬਦ ਹੇਠ ਲਿਖੇ ਜਾਂਦੇ ਹਨ । ਆਉ ਇਨ੍ਹਾਂ ਦਾ ਪਰੇਮ ਸਹਿਤ ਪਾਠ ਕਰੀਏ, ਕਿਉਂਕਿ ਇਹ ਵੀ ਜ਼ਰੀਆ ਹੈ ਹਰਿ ਧਨ ਸੰਚਨ ਦਾ ।

### ਗੁਰੂ ਨਾਨਕ ਦੇਵ ਜੀ

(ੳ) ਇਹ ਧਨ ਸਰਬ ਰਹਿਆ ਭਰਪੂਰਿ ।
ਮਨਮੁਖ ਫਿਰਹਿ ਜਾਣਹਿ ਦੂਰਿ ।੧।
ਸੋ ਧਨੁ ਵਖਰੁ ਨਾਮੁ ਰਿਦੈ ਹਮਾਰੈ ।
ਜਿਸੁ ਤੂ ਦੇਹਿ ਤਿਸੈ ਨਿਸਤਾਰੈ ।੧।ਰਹਾਉ।
ਨ ਇਹੁ ਧਨ ਜਲੈ ਨ ਤਸਕਰੁ ਲੈ ਜਾਇ ।
ਨ ਇਹੁ ਧਨ ਡੂਬੈ ਨ ਇਸੁ ਧਨ ਕਉ ਮਿਲੈ ਸਜਾਇ ।੨।
ਇਸ ਧਨ ਕੀ ਦੇਖਹੁ ਵਡਿਆਈ ।
ਸਹਜੇ ਮਾਤੇ ਅਨਦਿਨ ਜਾਈ । ੩ ।
ਇਕ ਬਾਤ ਅਨੂਪ ਸੁਨਹੁ ਨਰ ਭਾਈ ।
ਇਸ ਧਨ ਬਿਨੁ ਕਹਹੁ ਕਿਨੈ ਪਰਮਗਤਿ ਪਾਈ ।੩।
ਭਣਤਿ ਨਾਨਕ ਅਕਥ ਕੀ ਕਥਾ ਸੁਣਾਏ ।
ਸਤਿਗੁਰ ਮਿਲੈ ਤ ਇਹੁ ਧਨੁ ਪਾਏ ।੫।
(ਮਾਰੂ ਮ: ੧)

(ਅ) ਇਸ ਜੁਗ ਮਹਿ ਨਾਮ ਨਿਧਾਨ ਹੈ ਨਾਮੋ ਨਾਲਿ ਚਲੈ । ਏਹੁ ਅਖੁਟੁ ਕਦੇ ਨ ਨਿਖੁਟਈ ਖਾਇ ਖਰਚਿਉ ਪਲੈ । ਹਰਿ ਜਨ ਨੇੜਿ ਨ ਆਵਈ ਜਮਕੰਕਰ ਜਮਕਲੈ । ਸੇ ਸਾਹ ਸਚੇ ਵਣਜਾਰਿਆ ਜਿਨ ਹਰਿ ਧਨ ਪਲੈ । ਹਰਿ ਕਿਰਪਾ ਤੇ ਪਾਈਐ ਜਾ ਆਪਿ ਹਰਿ ਘਲੈ ।
(ਮ: ੧ ਪਉੜੀ)

(ੲ) ਹਰਿ ਧਨੁ ਸੰਚਹੁ ਰੇ ਜਨ ਭਾਈ । ਸਤਿਗੁਰ ਸੇਵਿ ਰਹਹੁ ਸਰਣਾਈ । ਤਸਕਰੁ ਚੋਰੁ ਨ ਲਾਗੈ ਤਾਕਉ ਧੁਨਿ ਉਪਜੈ ਸਬਦਿ ਜਗਾਇਆ ।
(ਮਾਰੂ ਮ: ੧)

### ਗੁਰੂ ਅਮਰ ਦਾਸ ਜੀ

(ੳ) ਹਰਿ ਧਨੁ ਰਤਨ ਜਵੇਹਰੀ ਸੋ ਗੁਰਿ ਧਨ ਹਰਿ ਪਾਸਹੁ ਦੇਵਾਇਆ । ਜੇ ਕਿਸੈ ਕਿਹੁ ਦਿਸਿ ਆਵੈ ਤਾ ਕੋਈ ਕਿਹੁ ਮੰਗਿ ਲਏ ਅਕੈ ਕੋਈ ਕਿਹੁ ਦਿਵਾਏ ਏਹੁ ਹਰਿ ਧਨੁ ਜੋਰਿ ਕੀਤੈ ਕਿਸੈ ਨਾਲਿ ਨ ਜਾਇ ਵੰਡਾਇਆ । ਜਿਸਨੋ ਸਤਿਗੁਰ ਨਾਲਿ ਹਰਿ ਸਰਧਾ ਲਾਏ ਤਿਸੁ ਹਰਿ ਧਨ ਕੀ ਵੰਡ ਹਥਿ ਆਵੈ ਜਿਸਨੋ ਕਰਤੈ ਧੁਰਿ ਲਿਖਿ ਪਾਇਆ । ਇਸ ਹਰਿ ਧਨੁ ਕਾ ਕੋਈ ਸਰੀਕ ਨਾਹੀ ਕਿਸੈ ਕਾ ਖਤੁ ਨਾਹੀ ਕਿਸੈ ਕੈ ਸੀਵ ਬੰਨੈ ਰੋਲੁ ਨਾਹੀ ਜੇ ਕੋ ਹਰਿ ਧਨ ਕੀ ਬਖੀਲੀ ਕਰੇ ਤਿਸਕਾ ਮੁਹੁ ਹਰਿ ਚਹੁ ਕੁੰਡਾ ਵਿਚਿ ਕਾਲਾ ਕਰਾਇਆ । ਹਰਿ ਕੇ ਦਿਤੇ ਨਾਲਿ ਕਿਸੈ ਜੋਰ ਬਖੀਲੀ ਨ ਚਲਈ ਦਿਹੁ ਦਿਹੁ ਨਿਤ ਨਿਤ ਚੜੈ ਸਵਾਇਆ । (ਮ: ੩ ਪਉੜੀ)



www.AKJ.Org

(ਅ) ਇਹੁ ਧਨੁ ਅਖੁਟੁ ਨ ਨਿਖੁਟੈ ਨ ਜਾਇ। ਪੂਰੈ ਸਤਿਗੁਰਿ ਦੀਆ ਦਿਖਾਇ। ਅਪਨੇ ਸਤਿਗੁਰ ਕਉ ਸਦ ਬਲਿ ਜਾਈ। ਗੁਰ ਕਿਰਪਾ ਤੇ ਹਰਿ ਮੰਨਿ ਵਸਾਈ ॥੧॥ ਸੇ ਧਨਵੰਤ ਹਰਿ ਨਾਮਿ ਲਿਵਲਾਇ ॥ ਗੁਰਿ ਪੂਰੈ ਹਰਿ ਧਨ ਪਰਗਾਸਿਆ ਹਰਿ ਕਿਰਪਾ ਤੇ ਵਸੈ ਮਨਿ ਆਇ ॥੧॥ ਰਹਾਉ॥

(ਧਨਾਸਰੀ ਮ: ੩)

(ੲ) ਭਗਤਿ ਖਜਾਨਾ ਭਗਤਨ ਕਉ ਦੀਆ ਨਾਉ ਹਰਿ ਧਨੁ ਸਚੁ ਸੋਇ। ਅਖੁਟੁ ਨਾਮ ਧਨੁ ਕਦੇ ਨਿਖੁਟੇ ਨਾਹੀ ਕਿਨੈ ਨ ਕੀਮਤਿ ਹੋਇ ॥ ਨਾਮ ਧਨਿ ਮੁਖ ਉਜਲੇ ਹੋਏ ਹਰਿ ਮਾਇਆ ਸਚੁ ਸੋਇ।

(ਸੋਰਠਿ ਮ: ੩)

ਗੁਰੂ ਰਾਮ ਦਾਸ ਜੀ

ਹਰਿ ਧਨੁ ਸੰਚੀਐ ਭਾਈ ॥ ਜਿ ਹਲਤਿ ਪਲਤਿ ਹਰਿ ਹੋਇ ਸਖਾਈ ॥ ਸਤਸੰਗਤੀ ਸੰਗਿ ਹਰਿ ਧਨੁ ਖਟੀਐ ਹੋਰਥੈ ਹੋਰਤੁ ਉਪਾਇ ਹਰਿ ਧਨੁ ਕਿਤੈ ਨ ਪਾਈ ॥ ਹਰਿ ਰਤਨੈ ਕਾ ਵਾਪਾਰੀਆ ਹਰਿ ਰਤਨ ਧਨੁ ਵਿਹਾਝੇ ਕਚੈ ਕੇ ਵਾਪਾਰੀਏ ਵਾਕਿ ਹਰਿ ਧਨੁ ਲਇਆ ਨ ਜਾਈ ॥ ਹਰਿ ਧਨੁ ਰਤਨ ਜਵੇਹਰ ਮਾਣਕੁ ਹਰਿ ਧਨੁ ਨਾਲ ਅੰਮ੍ਰਿਤ ਵੇਲੈ ਵਤੈ ਹਰਿ ਭਗਤੀ ਹਰਿ ਲਿਵਲਾਈ। ਹਰਿ ਧਨੁ ਅੰਮ੍ਰਿਤ ਵੇਲੈ ਵਤੈ ਕਾ ਬੀਜਿਆ ਭਗਤ ਖਾਇ ਖਰਚਿ ਰਹੇ ਨਿਖੁਟੈ ਨਾਹੀ। ਹਲਤਿ ਪਲਤਿ ਹਰ ਧਨੈ ਕੀ ਭਗਤਾ ਕਉ ਮਿਲੀ ਵਡਿਆਈ ॥ ਹਰਿ ਧਨੁ ਨਿਰਭਉ ਸਦਾ ਸਦਾ ਅਸਥਿਰ ਹੈ ਸਾਚਾ ਇਹੁ ਹਰਿਧਨੁ ਅਗਨੀ ਤਾਕਰੈ ਪਾਣੀਐ ਜਮਦੂਤੈ ਕਿਸੈ ਕਾ ਗਵਾਇਆ ਨ ਜਾਈ ॥ ਹਰਿ ਧਨ ਕਉ ਉਚਕਾ ਨੇੜਿ ਨ ਆਵਈ ਜਮੁ ਜਾਗਾਤੀ ਡੰਡੁ ਨ ਲਗਾਈ ।(ਸੂਹੀ ਮ:੪)

ਗੁਰੂ ਅਰਜਨ ਦੇਵ ਜੀ

(ੳ) ਕਰਿ ਕਿਰਪਾ ਹਰਿ ਪਰਗਟੀ ਆਇਆ ॥ ਮਿਲਿ ਸਤਿਗੁਰ ਧਨੁ ਪੂਰਾ ਪਾਇਆ ॥੧॥ ਐਸਾ ਹਰਿ ਧਨੁ ਸੰਚੀਐ ਭਾਈ ॥ ਭਾਇ ਨ ਜਾਲੈ ਜਲਿ ਨਹੀਂ ਡੂਬੈ ਸੰਗੁ ਛੋਡਿ ਕਰਿ ਕਤਹੁ ਨ ਜਾਈ ॥੧॥ ਰਹਾਉ ॥ ਤੋਟਿ ਨ ਆਵੈ ਨਿਖੁਟਿ ਨ ਜਾਇ ॥ ਖਾਇ ਖਰਚਿ ਮਨੁ ਰਹਿਆ ਅਘਾਇ ॥੨॥ ਸੋ ਸਚੁ ਸਾਹੁ ਜਿਸੁ ਘਰਿ ਹਰਿ ਧਨੁ ਸੰਚਾਣਾ ॥ ਇਤੁ ਧਨ ਤੇ ਸਭੁ ਜਗੁ ਵਰਸਾਣਾ ॥੩॥ ਤਿਨਿ ਹਰਿ ਧਨੁ ਪਾਇਆ ਜਿਸ ਪੁਰਬ ਲਿਖੇ ਕਾ ਲਹਣਾ ॥ ਜਨ ਨਾਨਕ ਅੰਤਿ ਵਾਰ ਨਾਮੁ ਗਹਣਾ ॥੪॥ (ਆਸਾ ਮ: ੫)

(ਅ) ਹਰਿ ਧਨੁ ਜਾਪ ਹਰਿ ਧਨੁ ਤਾਪ ਹਰਿ ਧਨ ਭੋਜਨ ਭਾਇਆ ॥ ਨਿਮਖ ਨ ਬਿਸਰਉ ਮਨ ਤੇ ਹਰਿ ਹਰਿ ਸਾਧ ਸੰਗਤ ਮਹਿ ਪਾਇਆ ॥੧॥ ਮਾਈ ਖਾਟਿ ਆਇਓ ਘਰਿ ਪੂਤਾ ॥ ਹਰਿ ਧਨੁ ਚਲਤੇ ਹਰਿ ਧਨੁ ਬੈਸੇ ਹਰਿ ਧਨੁ ਜਾਗਤ ਸੂਤਾ ॥੧॥ ਰਹਾਉ ॥ ਹਰਿ ਧਨ ਇਸਨਾਨ ਹਰਿ ਧਨੁ ਗਿਆਨੁ ਹਰਿ ਸੰਗ ਲਾਇ ਧਿਆਨਾ ॥ ਹਰਿ ਧਨ ਤੁਲਹਾ ਹਰਿ ਧਨੁ ਬੇੜੀ ਹਰਿ ਹਰਿ ਤਾਰਿ ਪਰਾਨਾ ॥੨॥ ਹਰਿ ਧਨ ਮੇਰੀ ਚਿੰਤ ਵਿਸਾਰੀ ਹਰਿ ਧਨਿ ਲਾਹਿਆ ਧੋਖਾ ॥ ਹਰਿ ਧਨ ਤੇ ਮੈ ਨਵਨਿਧਿ ਪਾਈ ਹਾਥਿ ਚਰਿਓ ਹਰਿ ਥੋਕਾ ॥੩॥ ਖਾਵਹੁ ਖਰਚਹੁ ਤੋਟਿ ਨ ਆਵੈ ਹਲਤ ਪਲਤ ਕੈ ਸੰਗੇ ॥ ਲਾਦਿ ਖਜਾਨਾ ਗੁਰਿ ਨਾਨਕ ਕਉ ਦੀਆ

---

(ਸਫਾ ੨੦ ਦੀ ਬਾਕੀ)

ਅਰਦਾਸ, ਕੋਈ ਜਨਮਿਆ ਹੈ ਤਾਂ ਅਰਦਾਸ, ਕੋਈ ਚੜ੍ਹਾਈ ਕਰ ਜਾਏ ਤਾਂ ਅਰਦਾਸ। ਭਾਵ ਕਿ ਗੁਰਸਿਖਾਂ ਨੂੰ ਕਦਮ ਕਦਮ ਤੇ ਅਰਦਾਸ ਦਾ ਹੀ ਆਸਰਾ ਹੈ। ਨਾਮ ਅਭਿਆਸੀ ਜਨ ਹੀ ਜਾਣਦੇ ਹਨ ਕਿ ਕਿਵੇਂ ਅਰਦਾਸੇ ਦੇ ਸਹਾਰੇ ਅਜਰ ਵਸਤੂ ਨੂੰ ਜਰੀਦਾ ਹੈ ਕਿਵੇਂ ਤਾਹੂ ਬਲ ਬਖਸ਼ਦਾ ਹੈ। ਇਥੇ ਪੁਜ ਕੇ ਅਰਦਾਸ ਦਾ ਅਸਲੀ ਮੁਲ ਪਤਾ ਲਗਦਾ ਹੈ। ਸਿਖ ਅਰਦਾਸ ਰਾਹੀਂ ਗੁਰੂ ਨਾਨਕ ਗੁਰੂ ਗ੍ਰੰਥ ਸਾਹਿਬ ਜੀ ਦੀ ਪ੍ਰੀਤ ਡੋਰੀ ਫੜ ਇਹ ਲੋਕ ਸੁਖੀਏ ਪਰਲੋਕ ਸੁਹੇਲੇ ਕਰ ਜਾਂਦੇ ਹਨ।

—o—



www.AKJ.Org

ਇਹੁ ਮਨ ਹਰਿ ਰੰਗਿ ਰੰਗੇ ॥੪॥

(ਗੂਜਰੀ ਮ: ੫)

ਗੁਰੂ ਤੇਗ ਬਹਾਦਰ ਸਾਹਿਬ ਜੀ

(ੳ) ਮਾਈ ਮੈ ਧਨੁ ਪਾਇਓ ਹਰਿ ਨਾਮੁ ॥ ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮ ॥੧॥ ਰਹਾਉ ॥ ਮਾਇਆ ਮਮਤਾ ਤਨ ਤੇ ਭਾਗੀ ਉਪਜਿਓ ਨਿਰਮਲ ਗਿਆਨ ॥ ਲੋਭ ਮੋਹ ਏਹ ਪਰਸਿ ਨ ਸਾਕੈ ਗਹੀ ਭਗਤਿ ਭਗਵਾਨ ॥੧॥ ਜਨਮ ਜਨਮ ਕਾ ਸੰਸਾ ਚੂਕਾ ਰਤਨੁ ਨਾਮੁ ਜਬ ਪਾਇਆ ॥ ਤ੍ਰਿਸਨਾ ਸਕਲ ਬਿਨਾਸੀ ਮਨ ਤੇ ਨਿਜ ਸੁਖ ਮਾਹਿ ਸਮਾਇਆ ॥੨॥ ਜਾਕਉ ਹੋਤ ਦਇਆਲੁ ਕਿਰਪਾਨਿਧਿ ਸੋ ਗੋਬਿੰਦ ਗੁਨ ਗਾਵੈ ॥ ਕਹੁ ਨਾਨਕ ਇਹ ਬਿਧਿ ਕੀ ਸੰਪੈ ਕੋਊ ਗੁਰਮੁਖਿ ਪਾਵੈ ॥੩॥ ੩ ॥ (ਬਸੰਤ ਮਹਲਾ ੯)

ਆਓ, ਅੰਤ ਵਿਚ ਅਸੀਂ ਗੁਰੂ ਸਾਹਿਬ ਅਗੇ ਅਰਦਾਸ ਕਰੀਏ ਕਿ ਸਰਬਤ ਖਾਲਸਾ ਜੀ ਨੂੰ ਹਰਿ ਧਨ ਦੇ ਲਾਹੇ ਪਰਾਪਤ ਹੋਣ ਅਤੇ ਅਜਿਹੇ ਗੁਰੂ ਘਰ ਦੇ ਵਰੋਸਾਇਆਂ ਦੀ ਸੰਗਤ ਮਿਲੇ ਜਿਹੜੇ ਹਰਿ ਧਨ ਦੇ ਅਮੋਲਕ ਖਜਾਨੇ ਨਾਲ ਭਰਪੂਰ ਹੋਣ ਕਿਉਂਕਿ—ਹਰਿ ਹਰਿ ਧਨ ਜਾਕੈ ਗ੍ਰਿਹਿ ਵਸੈ ॥ ਕਹੁ ਨਾਨਕ ਤਿਨ ਸੰਗਿ ਦੁਖੁ ਨਸੈ ॥ (ਗਉੜੀ ਮ: ੫)

ਅਜਿਹੇ ਸੰਤ ਜਨਾਂ ਦੀ ਸੰਗਤ ਨਾਲ ਹੀ ਕੋਟ ਜਨਮ ਦੇ ਦੁਖ ਦੂਰ ਹੁੰਦੇ ਹਨ ।

—o—

## * ਪਾਠਕਾਂ ਪ੍ਰਤੀ ਬੇਨਤੀਆਂ *

* ਮਾਸਕ ਪੱਤਰ "ਸੂਰਾ" ਜੁਲਾਈ ੧੯੬੬ ਤੋਂ ਪਟਿਆਲੇ ਵਿਖੇ ਹੇਠ ਲਿਖੇ ਪਤੇ ਤੇ ਪਰਕਾਸ਼ਤ ਹੋਣਾ ਸ਼ੁਰੂ ਹੋ ਗਿਆ ਹੈ । ਸੋ ਪਾਠਕਾਂ ਪ੍ਰਤੀ ਬਿਨੈ ਹੈ ਕਿ ਉਨ੍ਹਾਂ ਨੂੰ ਪਰਚਾ ਨ ਪੁਜਣ ਬਾਰੇ ਕੋਈ ਸ਼ਕਾਇਤ ਹੋਵੇ ਤਾਂ ਉਹ ਹੇਠ ਲਿਖੇ ਪਤੇ ਤੇ ਚਿਠੀ ਪੱਤਰ ਕਰਨ ।
* ਅਗੇ ਤੋਂ ਮਾਸਕ ਪੱਤਰ 'ਸੂਰਾ' ਹਰ ਮਹੀਨੇ ੫ ਤਾਰੀਖ ਨੂੰ ਡਾਕ ਵਿਚ ਪਾ ਦਿਤਾ ਜਾਇਆ ਕਰੇਗਾ । ਇਸ ਲਈ ਦੇਸ਼ ਵਾਸੀ ਵੀਰਾਂ ਨੂੰ ੧੨ ਤਾਰੀਖ ਤਕ ਅਤੇ ਪਰਦੇਸੀ ਵੀਰਾਂ ਨੂੰ ੨੦ ਤਾਰੀਖ ਤਕ ਜੇਕਰ ਪਰਚਾ ਨਾ ਮਿਲੇ ਤਾਂ ਉਹ ਹੇਠ ਲਿਖੇ ਪਤੇ ਤੇ ਚਿਠੀ ਪੱਤਰ ਕਰਨ ।
* ਜਦੋਂ ਭੀ ਆਪ ਜੀ ਦੇ ਘਰ ਦਾ ਪਤਾ ਤਬਦੀਲ ਹੋਵੇ ਤਾਂ ਫੌਰਨ ਹੇਠ ਲਿਖੇ ਪਤੇ ਤੇ ਪਤਾ ਸਾਫ ਤੇ ਸ਼ੁਧ ਲਿਖ ਭੇਜੋ ।

ਮੈਨੇਜਰ 'ਸੂਰਾ'
੫੯੪/੩, ਖਾਲਸਾ ਮਹੱਲਾ, ਪਟਿਆਲਾ ।



www.AKJ.Org

# ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ

(ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

(੧)

* ਗੁਰਸਿਖੀ ਦਾ ਪਰੇਮ ਕਿਵੇਂ ਲਗਿਆ ? *

ੴ ਵਾਹਿਗੁਰੂ ਜੀ ਕੀ ਫਤਹ ॥

ਪਿਆਰੇ ਵੀਰ ਭਾਈ ਨਾਹਰ ਸਿੰਘ ਜੀ !

ਪਹਿਲੀ ਅਵਸਥਾ

ਜੇ ਆਪ ਪੁਛਦੇ ਹੋ ਕਿ ਗੁਰਸਿਖੀ ਦਾ ਪਰੇਮ ਕਿਸ ਤਰ੍ਹਾਂ ਹੋਇਆ ਵਡੀ ਗਲ ਤਾਂ ਇਹੋ ਹੈ ਕਿ ਕੋਈ ਖ਼ਾਸ ਕੁਦਰਤੋਂ ਵਰਤੀ, ਨਹੀਂ ਤਾਂ ਤਾਂ ਸਾਨੂੰ ਗੁਮਾਨ ਭੀ ਨਹੀਂ ਸੀ। ਦਾਸ ਦੇ ਹਿਰਦੇ ਵਿਚ ਕੁਦਰਤੀ ਪਰੇਮ ਦਾ ਮਾਦਾ ਪਹਿਲੇ ਦਿਨੋਂ ਛੋਟੇ ਹੁੰਦੇ ਤੋਂ ਸੀ, ਪ੍ਰੰਤੂ ਖੋਜ ਖੋਜ ਤੇ ਹੰਢ ਹੰਢ ਕੇ ਵੇਖ ਚੁਕਾ ਸਾਂ ਕਿ ਸੱਚਾ ਪਰੀਤਮ, ਜਿਸ ਨਾਲ ਸਚਾ ਪਰੇਮ ਕੀਤਾ ਜਾਵੇ ਤੇ ਤੋੜ ਨਿਭ ਜਾਵੇ, ਮਿਲੇ। ਪਰ ਕੋਈ ਭੀ ਨਹੀਂ ਸੀ ਲਭਾ, ਏਤਨੀ ਨਿਰਾਸਤਾ ਦੇ ਹੁੰਦਿਆਂ ਭੀ ਪਰੇਮ ਦੀ ਕਣੀ ਮੌਜੂਦ ਸੀ ਤੇ ਦੱਸਦੀ ਸੀ ਕਿ ਇਹ ਪਰੇਮ ਕਣੀ ਜੀਵਨ ਬੂਟੀ ਹੈ ਅਤੇ ਅਗੰਮੀ ਪਰੇਮ ਚਸ਼ਮੇ ਵਿਚੋਂ ਨਿਕਲ ਕੇ ਕੇਵਲ ਕਣੀ ਮਾਤ੍ਰ ਹੀ ਹਸਤੀ ਵਿਚ ਟਿਮ ਟਿਮਾ ਰਹੀ ਹੈ। ਮੇਰੇ ਪਰ ਕੁਦਰਤੀ ਨਜ਼ਰਿਆਂ ਦੀ ਸੁੰਦਰਤਾ ਤੇ ਸਰਲਤਾ ਸੁਤੇ ਹੀ ਇਕ ਖਿਚਵਾਂ ਅਸਰ ਪਾਈ ਜਾਂਦੀ ਸੀ। ਤੇ ਮੈਂ ਕਰਤਾਰ ਦੀ ਬਿਸਮਾਦੀ ਰਚਨਾਂ ਨੂੰ ਭੋਲੇ ਭਾਇ ਇਕ ਚਮਤਕਾਰਕ ਕ੍ਰਿਸ਼ਮਾ ਸਮਝਦਾ ਹੁੰਦਾ ਸੀ। ਪਰੰਤੂ ਇਹ ਉਕਾ ਹੀ ਸ਼ਾਨ ਗੁਮਾਨ ਨਹੀਂ ਸੀ। ਕਿ ਇਸ ਦੇ ਪਿਛੇ ਇਸ ਰਚਨ ਦਾ ਰਚਨਹਾਰ ਭੀ ਕੋਈ ਹੈ। ਚਿਤ੍ਰ ਬਚਿਤ੍ਰ ਰਚਨਾਂ ਦੀ ਨਾਨ੍ਹਾ ਰੰਗੀ ਸੁੰਦਰਤਾ ਪੇਖ ੨ ਅੰਤ੍ਰਗਤੀ ਆ ਮੁਹਾਰੀਆਂ ਪਰੇਮ ਲਹਿਰਾਂ ਉਠਣੀਆਂ ਅਤੇ ਦ੍ਰਿਸ਼ਟਮਾਨ ਸੁੰਦਰਤਾ ਵਲ ਖਿਚੇ ਜਾਣਾ, ਰੰਗ ਬਰੰਗੀ ਸੁੰਦ੍ਰਤਾ ਨੇ ਰੰਗ ਬਟਾ ਜਾਣਾ ਤੇ ਨਿਰਾਸਤਾ ਉਪਜਣੀ ਪਰ ਖਿਚ ਦੀ ਕਣੀ ਸਾਵੀਂ ਦੀ ਸਾਵੀਂ ਜਿਸਦੇ ਅੰਦਰ ਹੋਣ ਮਾਤ੍ਰ ਨੇ ਇਹ ਦਸਣਾ ਕਿ ਜਿਸ ਤਰ੍ਹਾਂ ਇਹ ਪਰੇਮ ਕਣੀ ਅਬਿਨਾਸ਼ੀ ਹੈ ਤਿਵੇਂ ਉਹ ਅਬਿ-ਨਾਸ਼ੀ ਚੀਜ਼ ਭੀ ਅਵੱਸ਼ ਹੋਣੀ ਲੋੜੀਂਦੀ ਹੈ ਜਿਸ ਨਾਲ ਪਰੇਮ ਲਾ ਕੇ ਫੇਰ ਨਿਰਾਸਤਾ ਨਾ ਹੋਵੇ। ਇਸ ਪਰਕਾਰ ਦੀ ਘਟਨਾ ਅਤਿ ਛੋਟੀ ਉਮਰ ਤੋਂ ਹੀ ਘਟਦੀ ਰਹੀ ਪਰ ਇਸ ਤੋਂ ਵਧ ਕੇ ਪਰਮਾਰਥ ਸੰਦੀ ਕੁਝ ਸੂਝ ਬੂਝ ਨਹੀਂ ਸੀ।

ਲਾਹੌਰ ਮਿਸ਼ਨ ਕਾਲਜ ਦਾ ਸਮਾਂ।

ਇਸੇ ਪਰਕਾਰ ਸੰਸਾਰਕ ਵਿਦਿਆ ਪਰਾਪਤੀ ਦੇ ਧੰਧ ਬੰਧ ਵਿਚ ਸਮਾਂ ਲੰਘਦਾ ਲੰਘਦਾ ਲੰਘ ਗਿਆ। ਕਈ ਮੋੜ ਘੇੜ ਕੁਸੰਗ ਦੇ ਭੀ ਆਕੇ ਵਾਪਰੇ, ਪਰੰਤੂ ਜੀਵਨ ਦੀ ਇਖਲਾਕੀ ਅੰਸ ਅਚਾਰ ਉਤੇ ਇਨ੍ਹਾਂ ਫੇਰਾਂ ਘੇਰਾਂ ਦਾ ਕੋਈ ਅਸਰ ਨ ਪਿਆ, ਜਿਸ ਨੂੰ ਕਿ ਅਸੀਂ ਹੁਣ ਪਤਿਤ ਕਰਮ ਆਖਦੇ ਹਾਂ, ਇਸ ਤੋਂ ਸੁਤੇ ਹੀ ਬਚਾਉ ਰਿਹਾ। ਜਿਸ ਨੂੰ ਮੈਂ ਹੁਣ ਇਉਂ ਹੀ ਕਹਾਗਾਂ, ਕਿ ਰਖਣ ਹਾਰੇ ਨੇ ਆਪ ਹਥ ਦੇ ਰਖਣਾ ਚਾਹਿਆ ਹੋਇਆ ਸੀ, ਨਹੀਂ ਤਾਂ ਆਪੋ ਆਪਣੇ ਬਲ ਪਰਤਾਪ ਨਾਲ ਕਦੇ ਬਚਾਉ ਨਹੀਂ ਸੀ ਹੋ ਸਕਦਾ।

ਸੰਨ ੧੮੯੯ ਤੇ ੧੯੦੦ ਈ. ਦੇ ਸਮਾਚਾਰ

ਲਾਹੌਰ ਜਾ ਕੇ ਇਕ ਪਾਸੇ ਤਾਂ ਪੜ੍ਹਾਈ



www.AKJ.Org

ਦੀ ਖੜਖਾ, ਦੂਜੇ ਪਾਸੇ ਕੁਸੰਗ ਦਾ ਬਾਜ਼ਾਰ ਗਰਮ, ਤੀਜੇ ਓਰ ਅਨੇਕਾਂ ਮਤਾਂ ਮਤਾਂਤ੍ਰਾਂ ਦਾ ਗਾੜ੍ਹ ਮੱਚਿਆ ਹੋਇਆ ਸੀ। ਹਰ ਇਕ ਮਜ਼ਹਬੀ ਮਜਲਿਸ ਵਿਚ ਜਾਣ ਦਾ ਭੁਸ ਪੈ ਗਿਆ ਪਰ ਚੁਫੇਰੇ ਖੁਸ਼ਕੀ ਵਰਤੀ ਹੋਏ ਤੇ ਬਹਿਸ ਮੁਬਾਹਸੇ ਦਾ ਬਜ਼ਾਰ ਗਰਮ ਦੇਖ ਕੇ ਚਿੱਤ ਨੂੰ ਖਿੱਚ ਕਿਸੇ ਵਲ ਨਾ ਹੋਈ। ਸਾਰੇ ਮਤਾਂ ਮਤਾਂਤ੍ਰਾਂ ਵਿਚ ਸੱਚ ਕਿਨਾਰੇ ਰਹਿ ਗਿਆ, ਪਰਗਟ ਪਹਾਰੇ ਜਾਪਦਾ ਸੀ ਤੇ ਪਰੇਮ ਅੰਸ ਨੂੰ ਪਰੇਮ ਦਾ ਨਿਸ਼ਾਨਾਂ ਕਿਤੇ ਨਹੀਂ ਸੀ ਸੁਝਦਾ।

ਪਿਤਾ ਜੀ ਦੀ ਚਿੱਠੀ :-

ਇਤਨੇ ਨੂੰ ਬੀ. ਏ ਦਾ ਇਮਤਿਹਾਨ ਸਿਰ ਤੇ ਆਗਿਆ ਅਤੇ ਉਧਰ ਵਕਾਲਤ ਦੀ ਪਹਿਲੀ ਸ਼ਰੇਣੀ ਦੇ ਇਮਤਿਹਾਨ ਦੀਆਂ ਤਿਆਰੀਆਂ ਭੀ ਕਰਨੀਆਂ ਸਨ ਕਿ ਘਰੋਂ ਪਿਤਾ ਜੀ ਦੀ ਤਕੀਦੀ ਚਿੱਠੀ ਆਈ, ਜਿਸ ਵਿਚ ਉਨ੍ਹਾਂ ਲਿਖਿਆ ਸੀ "ਤੈਂ ਦੋ ਇਮਤਿਹਾਨ ਦੇਣੇ ਹਨ, ਜੇ ਪਾਸ ਹੋਣਾ ਹੈ ਤਾਂ ਸਵੇਰੇ 'ਜਪੁ ਜੀ ਸਾਹਿਬ' ਦਾ ਤੇ ਆਥਣੇ 'ਰਹਿਰਾਸ' ਦਾ ਪਾਠ ਕਰਿਆ ਕਰ" ਤੇ ਨਾਲ ਹੀ ਗੁਟਕਾ ਵੀ ਭੇਜ ਦਿਤਾ। ਮੈਂ ਆਪਣੇ ਮਤਲਬ ਨੂੰ ਪਾਠ ਕਰਨ ਲਗ ਪਿਆ। ਗੁਰਮੁਖੀ ਤਾਂ ਮੈਂ ਅਗੇ ਹੀ ਖਾਸੀ ਜਾਣਦਾ ਹੀ ਸੀ ਪਰ ਗੁਰਬਾਣੀ ਅਥਵਾ ਗੁਰਮਤਿ ਦੀ ਪੋਥੀ ਉਦੋਂ ਤੀਕ ਕੋਈ ਨਹੀਂ ਸੀ ਪੜ੍ਹੀ, ਪਰ ਵਾਹ ਕਰਤਾਰ ਦੇ ਦੇ ਰੰਗ "ਆਪਨੇ ਲੋਭ ਕਉ ਕੀਨੋ ਮੀਤ ॥ ਸਗਲ ਮਨੋਰਥ ਮੁਕਤਿ ਪਦੁ ਦੀਤੁ ॥" ਗੁਰੂ ਵਾਕ ਦੇ ਭਾਵ ਵਾਲੀ ਗਲ ਹੋਈ। ਪਰੇਮ ਅੰਸੀ ਹੰਸਲੇ ਨੂੰ ਪਰੇਮ ਮੋਤੀਆਂ ਦੀ ਪਰੇਮ ਚੋਗ ਮਿਲ ਗਈ ਤੇ ਅਜਿਹੀ ਮਿਲੀ ਕਿ ਸਭ ਗਲਾਂ ਵਿਸਰ ਗਈਆਂ। ਬਾਣੀ ਦਾ ਰਹੱਸ ਦਿਨਾਂ ਵਿਚ ਹੀ ਅਜਿਹਾ ਪਰਬਲ ਹੋ ਗਿਆ ਕਿ ਵੈਰਾਗ ਨੇ ਅਣਡਿਠੇ ਪਰੀਤਮ ਦੀ ਖੋਜ ਦਾ ਬਾਵਰਾ ਬਣਾ ਦਿਤਾ। ਪ੍ਰਮਾਰਥ ਤੇ ਪ੍ਰੀਤਮ ਪਰੇਮ ਵਿਚ ਬਸ ਦੇਹੀ ਸੁੰਨ ਸਮਾ ਗਈ। ਰਹਿਰਾਸ ਦਾ ਪਾਠ ਅਜਿਹੇ ਵੈਰਾਗ ਸੁਰ ਨਾਲ ਕਰਨਾ ਕਿ ਸੁਣਨ ਵਾਲਿਆਂ ਨੇ ਭੀ ਮੋਮ ਹੋ ਜਾਣਾ ਤੇ ਆਪ ਢਲ ਜਾਣਾ। ਉੜਕ ਇਕ ਦਿਨ "ਭਈ ਪਰਾਪਤਿ ਮਨੁਖ ਦੇਹੁਰੀਆ" ਵਾਲੀ ਪਉੜੀ ਦਾ ਘਾਉ ਨਿਸ਼ਾਨੇ ਅਜਿਹਾ ਪਰਿਆ ਅਤੇ ਅਜਿਹੀ ਚੋਟ ਲਗੀ ਕਿ ਦਿਨ ਰੈਣ ਗੋਬਿੰਦ ਮਿਲਣ ਦੀਆਂ ਤਾਂਘਾਂ ਲਗੀਆਂ ਰਹਿਣ, ਪੜ੍ਹੀਆਂ ਪੜ੍ਹਾਈਆਂ ਕਿਧਰੇ ਭੁਲ ਗਈਆਂ। ਕਾਲਜ ਵਿਖੇ ਜਾਣਾ, ਡੈਸਕ ਉਪਰ ਪੜ੍ਹਾਈ ਦੀ ਕਿਤਾਬ ਬਰਾਏ ਨਾਮ ਦਿਖਾਵੇ ਮਾਤ੍ਰ ਰਖ ਛਡਣੀ। ਨੀਚੇ ਗੁਪਤ ਖਾਨੇ ਵਿਚ ਬਾਈ ਵਾਰਾਂ ਜਾਂ ਭਗਤ ਬਾਣੀ ਦੋਹਾਂ ਵਿਚੋਂ ਇਕ ਦਾ ਹਰਦਮ ਪਾਠ ਕਰਦੇ ਰਹਿਣਾ ਅਤੇ ਨੀਰ ਵਾਹੋ ਵਹਿ ਚਲਦੇ ਰਹਿਣਾ। ਕੇਵਲ ਬਾਈ-ਬਲ ਦੇ ਘੰਟੇ ਕੁਝ ਸੁਰਤੀ ਚਰਚਾ ਵਿਚਾਰ ਵਲ ਦੇਣੀ ਅਤੇ ਪ੍ਰਮਾਰਥ ਸਬੰਧੀ ਗੁਰਮਤਿ ਦੇ ਭੇਦ ਸਭ ਮਤਾਂ ਮਤਾਂਤ੍ਰਾ ਦੇ ਅਸੂਲਾਂ ਤੋਂ ਸ੍ਰੇਸ਼ਟ ਸਿਧ ਕਰਕੇ ਦਿਖਾਉਣੇ। ਬਸ, ਹੋਰ ਸਾਰੇ ਘੰਟਿਆਂ ਵਿਚ ਕਿਸੇ ਪਾਸੇ ਸੁਰਤੀ ਨਹੀਂ ਦੇਣੀ। ਵੈਰਾਗ ਦੇ ਵਹਿਣ ਵਿਚ ਅਜਿਹਾ ਲੀਨ ਹੋਇਆ ਕਿ ਅੱਖ ਦੂਜੇ ਪਾਸੇ ਉਘੜਨੀ ਹੀ ਨਾ। ਜਦ ਆਪਣੇ ਨਿਵਾਸ ਅਸਥਾਨ ਨਾਭਾ ਹਾਊਸ ਵਿਚ ਆਉਣਾ ਤਦ ਭੀ ਇਵੇਂ ਹੀ ਰਹਿਣਾ, ਪੜ੍ਹਨਾ ਗੁੜ੍ਹਨਾ ਕੱਖ ਨਾ। ਇਹ ਗਲ ਦੇਖ ਕੇ ਨਾਲ ਦੇ ਨਿਵਾਸੀ ਸਜਣਾਂ ਵਿਚੋਂ ਕਿਸੇ ਨੇ ਪਿਤਾ ਜੀ ਨੂੰ ਚਿਠੀ ਲਿਖ ਦਿਤੀ ਦਿਤੀ—ਕਿ ਪੜਦਾ ਸੁਣਦਾ ਕੁਝ ਨਹੀ, ਪ੍ਰਮਾਰਥ ਦਾ ਪਾਗਲ ਪੁਣਾ ਵਿਆਪ ਗਿਆ ਹੈ ਆਕੇ ਸਾਰ ਸਮਾਲ ਲਵੋ।

ਪਿਤਾ ਜੀ ਦੀ ਸਿਖ ਮਤ :-

ਪਿਤਾ ਵਿਚਾਰੇ ਮਮਤਾ ਦੇ ਮਾਰੇ ਕਾਲਜਾ ਹਥ ਵਿਚ ਫੜੀ ਆਏ, ਆਉਣ ਸਾਰ ਜਦ ਮੈਨੂੰ ਡਿਠਾ ਤਾਂ ਪੋਥੀ ਪੜ੍ਹ ਰਿਹਾ ਸੀ ਤੇ ਅਖਾਂ ਤੋਂ ਨੀਰ ਜਾਰੀ ਸੀ। ਮੈਨੂੰ ਬਹੁ ਬਿਧ ਸਮਝਾਇਆ ਬੁਝਾਇਆ। ਮੈਂ ਬੜੀ ਨਿਮ੍ਰਤਾ ਨਾਲ ਉਤਰ ਦਿਤਾ ਕਿ ਆਪ ਨੇ ਹੀ ਕ੍ਰਿਪਾ ਕਰਕੇ ਇਤ ਵਲ



www.AKJ.Org

ਲਾਇਆ ਹੈ । ਨਹੀਂ ਤਾਂ ਮੈਨੂੰ ਅਭਾਗੇ ਨੂੰ ਕੀ ਸਾਰ ਸੀ ? ਇਸ ਪ੍ਰਕਾਰ ਬਹੁਤ ਲੰਮੀਆਂ ਚੌੜੀਆਂ ਸਮਝੌਤੀਆਂ ਦਿੰਦੇ ਰਹੇ ਤੇ ਮੈਂ ਧੌਣ ਸਿਟੀ ਸੁਣਦਾ ਰਿਹਾ । ਓੜਕ ਉਹ ਮੈਨੂੰ ਸਮਝਾ ਬੁਝਾ ਕੇ ਚਲੇ ਗਏ, ਪਰ ਮੇਰੀ ਬ੍ਰਿਤੀ ਦੀਆਂ ਤਰਬਾਂ ਉਥੇ ਦੀਆ ਉਥੇ ਹੀ ਰਹੀਆਂ ਤੇ ਮੈਂ ਹੁਣ ਵਾਹ ਲਗਦੀ ਆਪਣੇ ਵੈਰਾਗ ਵਹਿਣਾ ਨੂੰ ਲੋਕਾਂ ਪਾਸੋਂ ਛਪਾਉਣ ਲਗ ਪਿਆ, ਕਿਸੇ ਪਰ ਪਰਗਟ ਨਾਂ ਹੋਣ ਦੇਵਾਂ ਤੇ ਗੁਪਤੋ ਗੁਪਤੀ ਲਗਾ ਰਹਾਂ । ਕਦੇ ਕਦੇ ਫੇਰ ਪਿਤਾ ਹੋਰਾਂ ਨੂੰ ਭਾਜੜਾ ਪੁਵਾ ਦੇਵਾਂ । ਵਕਾਲਤ ਪੇਸ਼ਾ ਦੀ ਪੜ੍ਹਾਈ ਵਲੋਂ ਤਾਂ ਮੈਂ ਪਹਿਲਾਂ ਹੀ ਨਫ਼ਰਤ ਖਾ ਚੁਕਾ ਸੀ । ਬੀ ਏ. ਦਾ ਇਮਤਿ-ਹਾਨ ਆਇਆ ਤਾਂ ਪਰਚੇ ਲਿਖਦਿਆਂ ਲਿਖਦਿਆਂ ਕਦੇ ਵੈਰਾਗ ਦੀ ਕਾਂਗ ਐਸੀ ਛਿੜ ਪਵੇ ਕਿ ਕਲਮ ਜਿਥੇ ਹੋਵੇ, ਉਥੇ ਹੀ ਫੜੀ ਰਹਿ ਜਾਵੇ । ਜੇ ਚਲੇ ਭੀ ਤਾਂ ਮੈਨੂੰ ਪਤਾ ਨਹੀਂ ਕਿ ਕੀ ਲਿਖ ਗਿਆ ਹਾਂ । ਹਾਂ ਇਸ ਥੋਂ ਪਹਿਲਾਂ ਇਕ ਅਸ-ਚਰਜ ਘਟਨਾ ਇਹ ਹੋਈ ਕਿ ਇਕ ਦਿਨ ਮਿਸ਼ਨ ਕਾਲਜ ਤੋਂ ਰਾਹ ਆਉਂਦੇ ਨੂੰ ਜਦ ਕਿ ਮੈਂ ਵੈਰਾਗ ਦੇ ਰੰਗ ਵਿਚ ਰਿਤਵਦਾ ਆਉਂਦਾ ਸੀ ਕਿ ਕਿਸੇ ਪ੍ਰਮਾਰਥ ਦੇ ਉੱਚ ਰੰਗਾਂ ਵਾਲੇ ਸਾਧੂ ਦੇ ਦਰਸ਼ਨ ਹੋਣ ।

## ਇਕ ਕਰਾਮਾਤੀ ਸਾਧੂ ਦਾ ਮਿਲਾਪ :-

ਮੈਂ ਅਚਾਨਕ ਕੀ ਦੇਖਦਾ ਹਾਂ ਕਿ ਸਾਹਮ-ਣਿਉਂ ਕੰਬਲਾਂ ਦੇ ਲੰਮੇ ਚੋਲੇ ਵਿਚ ਵਲੇਟਿਆ ਹੋਇਆ ਇਕ ਮਸਤ ਫ਼ਕੀਰ ਆਪਣੇ ਰੰਗਾਂ ਵਿਚ ਝੁਲਦਾ ਚਲਿਆ ਆਉਂਦਾ ਹੈ । ਜਦ ਉਹ ਮੇਰੇ ਨੇੜੇ ਆਇਆ ਤਾਂ ਉਸ ਮੇਰੀ ਵਲ ਅਜਿਹੀ ਕਟਾਸ਼ਖ ਦ੍ਰਿਸ਼ਟੀ ਨਾਲ ਦੇਖਿਆ ਕਿ ਮੈਂ ਦੇਖਦਿਆਂ ਸਾਰ ਫ਼ਟਕ ਗਿਆ ਤੇ ਆਪਣੀਆਂ ਕੜੀਆਂ ਕਿਤਾਬਾਂ ਉਥੇ ਹੀ ਸਿਟ ਕੇ ਬਾਵਰਾ ਜਿਹਾ ਹੋ ਕੇ ਉਸ ਦੀ ਗੈਲ ਲਗ ਪਿਆ ਕਿਉਂਕਿ ਭਗਤਾਂ ਦੀ ਬਾਣੀ ਦੁਆਰਾ ਇਸ ਤੁਕ ਦਾ ਭਾਵ ਮੇਰੇ ਰੋਮ ੨ ਵਿਚ ਰਚ ਗਿਆ ਸੀ ਅਤੇ ਉਹ ਤੁਕ ਮੈਨੂੰ ਤਾਬੜ ਤੋੜ ਯਾਦ ਆ ਗਈ । ਯਥਾ–

"ਕਬੀਰ ਸੰਤ ਕੀ ਗੈਲ ਨਾ ਛੋਡੀਐ ਮਾਰਗਿ ਲਾਗਾ ਜਾਉ ॥ ਪੇਖਤ ਹੀ ਪੁਨੀਤ ਹੋਇ ਭਟਤ ਜਪੀਐ ਨਾਉ ॥

ਮੈਂ ਵਾਹੋ ਦਾਹ ਮਾਰਗ ਲਗ ਪਿਆ । ਮੇਰਾ ਇਕ ਸਾਥੀ ਮੇਰੀਆਂ ਕਿਤਾਬਾਂ ਚੁਕ ਸੰਮਾਲ ਕੇ ਉਹ ਭੀ ਮੇਰੇ ਨਾਲ ਲਗ ਪਿਆ ਪਰ ਮੈਂ ਉਸ ਨੂੰ ਆਖ ਵੇਖ ਕੇ ਮੋੜਨ ਲਗਾ, ਉਹ ਨਾ ਮੁੜੇ, ਮੁੜੇ ਤਾਂ ਮੈਨੂੰ ਨਾਲ ਮੋੜੇ ਤੇ ਮੈਨੂੰ ਇਸ ਗੁਰਵਾਕ ਦਾ ਭੈ ਮਾਰੇ ਕਿ–

ਕਬੀਰ ਸਾਧੂ ਕਉ ਮਿਲਨੇ ਜਾਈਐ ਸਾਥਿ ਨ ਲੀਜੈ ਕੋਇ ॥ ਪਾਛੈ ਪਾਉ ਨ ਦੀਜੀਐ ਆਗੈ ਹੋਇ ਸੁ ਹੋਇ ॥

ਇਸ ਪ੍ਰਕਾਰ ਦੀ ਗੁਰਵਾਕ ਬਾਣੀ ਮੇਰੇ ਸਰਲ ਹੋ ਰਹੀ ਸੀ । ਗਲ ਕੀ ਮੈਂ ਉਸ ਦੇ ਮੋੜਨ ਵਿਚ ਕਾਮਯਾਬ ਹੋ ਹੀ ਗਿਆ । ਮੈਂ ਉਸ ਸਾਧੂ ਦੇ ਮਗਰ ਐਉਂ ਲਗ ਗਿਆ ਜਿਵੇਂ ਕਿਸੇ ਲਾਇਆ ਲਗਦਾ ਹੈ । ਮੈਂ ਉਸ ਦੇ ਪਿਛੇ ਖਿਚੀਂਦਾ ਚਲਿਆ ਗਿਆ । ਮੈਨੂੰ ਕੋਈ ਲਾਜ ਤੇ ਸੰਕੋਚ ਸਿਆਣਪ ਨ ਰਹੀ । ਮੈਨੂੰ ਇਹ ਭੀ ਵਿਸਰ ਗਿਆ ਕਿ ਮੈਂ ਕਿਥੇ, ਕਿਸ ਸ਼ਹਿਰ ਵਿਚ ਵਿਚ ਤੇ ਕਿਸ ਸੜਕ ਪਰ ਜਾ ਰਿਹਾ ਹਾਂ, ਮੈਨੂੰ ਲਾਮ੍ਹ ਛਾਮ੍ਹ ਵਲ ਤੇ ਹੇਠਾਂ ਉਤੇ ਅੱਖ ਪੱਟ ਕੇ ਦੇਖਨ ਦੀ ਵੀ ਤਾਬ ਨਾ ਰਹੀ ।

ਉਸ ਸਾਧੂ ਦੀ ਲਟਪਟੀ ਰਫ਼ਤਾਰ ਉਤੇ ਟਿਕ ਟਿਕੀ ਬਝੀ ਹੋਈ ਸੀ । ਪਰਛਾਵੇਂ ਵਾਂਗੂੰ ਕੁਝ ਵਿਥ ਉਤੇ ਪਿਛੇ ਪਿਛੇ ਚਲਿਆ ਜਾਂਦਾ ਸੀ ਤੇ ਨੇੜੇ ਢੁਕਣ ਤੋਂ ਭੈ ਲਗਦਾ ਸੀ । ਉਸ ਨੂੰ ਕਈ ਛਾਬੜੀਆਂ ਵਾਲੇ ਮਿਠਾਈ ਨਜ਼ਰ ਕਰਦੇ ਦੇਖੇ ਕਈ ਫਲਾਂ ਵਾਲੇ ਫਲ ਮੇਵੇ ਪੇਸ਼ ਕਰਦੇ ਦੇਖੇ, ਪਰ ਉਸ ਨੂੰ ਕੋਈ ਪਰਵਾਹ ਨਹੀਂ ਤੇ ਕਿਸੇ ਵਲ ਝਾਂਕਿਆ ਭੀ ਨਹੀਂ । ਮੈਨੂੰ ਉਹਦੀਆਂ ਅਖਾਂ ਮੇਰੇ ਵਿਚ ਹੀ ਗੱਡੀਆ ਹੋਈਆਂ ਭਾਸਣ । ਚਾਹੇ ਉਹ ਮੇਰੇ ਵਲ ਪਿਠ ਕਰੀ ਮੇਰੇ ਮੂਹਰੇ ਮੂਹਰੇ ਜਾਂਦਾ ਸੀ,


www.AKJ.Org

ਪਰ ਉਸ ਦੀ ਪਿਠ ਉਤੇ ਭੀ ਉਹੀ ਜਾਦੂ ਭਰੀ ਦ੍ਰਿਸ਼ਟੀ ਵਾਲੀਆਂ ਅਖਾਂ ਲਗੀਆਂ ਹੋਈਆਂ ਦਿਸਣ ਅਤੇ ਮੇਰੀ ਓਰ ਟਿਕ ਟਿਕੀ ਬੰਨ੍ਹੀ ਮਾਨੋ ਮੈਨੂੰ ਵਾਹੋ ਦਾਹ ਮਗਰੇ ਘੜੀਸੀ ਜਾਣ। ਓੜਕ ਇਕ ਫੁਹਾਰੇ ਉਤੇ ਪਹੁੰਚੇ ਜੋ ਚੀਫ਼ ਕੋਰਟ ਦੇ ਕੋਰਟ ਯਾਰਡ ਦੇ ਸਾਮ੍ਹਣੇ ਇਕ ਛੋਟੀ ਜਿਹੀ ਬਗੀਚੀ ਵਿਚ ਲਗਾ ਹੋਇਆ ਸੀ। ਇਹ ਫੁਹਾਰਾ ਸਦਾ ਵਗਦਾ ਰਹਿੰਦਾ ਸੀ। ਉਸ ਦਾ ਹੌਜ਼ ਜਲ ਨਾਲ ਸਦਾ ਪੂਰਤ ਰਹਿੰਦਾ ਸੀ। ਉਸ ਸਮੇਂ ਨਿਰੋਲ ਇਕਾਂਤ, ਸ਼ਾਂਤ ਇਕਾਂਤ ਵਰਤ ਰਹੀ ਸੀ। ਉਥੇ ਉਸ ਸਾਧੂ ਨੇ ਆਪਣੀ ਕੰਬਲੀ ਚੋਲੇ ਨੂੰ ਉਤਾਰ ਕੇ ਲਾਮ੍ਹ ਰਖ ਦਿਤਾ ਤੇ ਵਿਚੋਂ ਨਗਨ ਜਟਾ ਜੂਟ ਨਿਕਲ ਆਇਆ, ਮੇਰੇ ਵਲ ਘੂਰ ੨ ਵੇਖਣਾ ਸ਼ੁਰੂ ਕਰ ਦਿਤਾ। ਮਾਨੋ ਮੈਨੂੰ ਡਰਾਉਂਦਾ ਹੈ ਕਿ ਜਰ ਕੇ ਮੁੜ ਜਾਵੇ। ਮੈਨੂੰ ਰਤਾ ਭੀ ਡਰ ਨਾ ਲਗਾ। ਦੂਰ ਖੜਾ ਉਹਦੀਆਂ ਲਹਿਰਾਂ ਦੇਖਦਾ ਰਿਹਾ। ਫੇਰ ਉਸ ਚਿੱਘੀ ਲਾ ਕੇ ਉਥੋਂ ਜਲ ਛਕਿਆ ਅਤੇ ਛਕ ਕੇ ਡੰਡਉਤ ਕਰਨ ਲਗਾ। ਮੈਨੂੰ ਅਜਿਹਾ ਭਾਸੇ ਕਿ ਮਾਨੋ ਇਸ ਨੂੰ ਤ੍ਰਿਕਾਲ ਦ੍ਰਿਸ਼ਟੀ ਹੈ ਅਤੇ ਇਸ ਦੀ ਦਿੱਬ ਦ੍ਰਿਸ਼ਟੀ ਖੁਲ੍ਹੀ ਹੋਈ ਹੈ ਅਤੇ ਇਸ ਦਿਬ ਦ੍ਰਿਸ਼ਟੀ ਕਰਕੇ ਪ੍ਰੀ ਪੂਰਨ ਪਰਮਾਤਮਾ ਦੇ ਸਨਮੁਖ ਜਾਕੇ ਦਿਦਾਰੇ ਲੈ ਰਿਹਾ ਹੈ ਅਤੇ ਉਸ ਦੇ ਸਰਬ ਵਿਆਪਕ ਸਰੂਪ ਨੂੰ ਸਾਹਮਣੇ ਵੇਖਦਾ ਹੋਇਆ ਉਸ ਨੂੰ ਡੰਡਉਤ ਬੰਦਨਾ ਕਰ ਰਿਹਾ ਹੈ। ਮੇਰੇ ਸਰੀਰ ਵਿਚ ਝਰਨਾਟ ਜਿਹੀ ਫਿਰ ਗਈ, ਮੇਰੀ ਰੋਮਾਵਲੀ ਦੇ ਲੂੰ ੨ ਵਿਚੋਂ ਜਪੁਜੀ ਸਾਹਿਬ ਦੇ ਪਾਠ ਦੀ ਮਧੁਰ ਧੁਨੀ ਆ ਮੁਹਾਰੀ ਨਿਕਲਣ ਲਗ ਪਈ। ਮੈਨੂੰ ਇਕ ਚਕਰ ਜਿਹਾ ਆਇਆ, ਮੇਰੀਆਂ ਅਖਾਂ ਦੇ ਅਗੋਂ ਦ੍ਰਿਸ਼ਟਮਾਨ ਪਸਾਰੇ ਦਾ ਨਜ਼ਾਰਾ ਬੰਦ ਹੋ ਗਿਆ ਤੇ ਹੋਰ ਹੀ ਵਿਸਮਾਦ ਵਰਤ ਗਿਆ ਜਿਹੜਾ ਮੇਰੇ ਉਤੇ ਅੱਗੇ ਕਦੇ ਨਹੀਂ ਸੀ ਵਰਤਿਆ। ਮੈਨੂੰ ਮਾਨੋ ਪ੍ਰੀ ਪੂਰਨ ਬਿਸਮਾਦ ਮੰਡਲ ਦਾ ਅਕਾਸ਼ ਹੀ ਅਕਾਸ਼ ਨਜ਼ਰੀ ਆਉਂਦਾ ਸੀ। ਕੰਨ ਵਿਚ ਸ੍ਰੀ ਜਪੁ ਜੀ ਸਾਹਿਬ ਦੇ ਪਾਠ ਦੀ ਅਖੰਡ ਧੁਨੀ ਆ ਰਹੀ ਸੀ। ਜੋ ਮੇਰੇ ਹੀ ਅੰਦਰੋਂ ਨਿਕਲਦੀ ਪ੍ਰਤੀਤ ਹੁੰਦੀ ਸੀ। ਮੇਰੇ ਸਾਹਮਣੇ ਨਾ ਉਹ ਸਾਧੂ ਪਿਆ ਦਿਸਦਾ ਹੈ, ਨਾ ਉਹ ਹੌਜ਼, ਨਾ ਉਹ ਬਗੀਚੀ। ਮੈਨੂੰ ਇਕ ਹੋਰ ਚੱਕਰ ਆਇਆ ਮੈਂ ਧੜਮ ਕਰਦਾ ਡੰਡਉਤ ਪਰਨੇ ਮੂਧ ਜਾ ਡਿਗਿਆ। ਪਰ ਇਸ ਡਿਗਣ ਵਿਚ ਭੀ ਮੈਨੂੰ ਅਨੰਦ ਆਇਆ, ਖਬਰ ਨਹੀਂ ਉਹ ਦਸ਼ਾ ਕਿਸਤ੍ਰਾਂ ਪਲਟੀ ਤੇ ਕਿਵੇਂ ਉਠਿਆ? ਪਰ ਜਦ ਉਠਿਆ ਤਾਂ ਫੇਰ ਦੇਖਦਾ ਹਾਂ ਕਿ ਉਹੀ ਬਗੀਚਾ, ਉਹੀ ਹੌਜ਼ ਤੇ ਉਹੀ ਸਾਧੂ ਉਵੇਂ ਜਿਵੇਂ ਡੰਡਉਤ ਵਿਚ ਉਸੇ ਥਾਂ ਪਿਆ ਹੈ। ਮੈਂ ਚੌਕੜੀ ਮਾਰ ਕੇ ਰਤਾ ਫਰਕ ਨਾਲ ਬੈਠ ਗਿਆ ਤੇ ਬਾਣੀ ਦਾ ਪਾਠ ਮੂੰਹ ਵਿਚ ਹੀ ਸੁਰਤੀ ਨਾਲ ਕਰਦਾ ਰਿਹਾ। ਕਈ ਘੰਟੇ ਪਿਛੋਂ ਸਾਧੂ ਉਠਿਆ, ਉਠਣ ਸਾਰ ਆਪਣਾ ਕੰਬਲ ਉਦਾਲੇ ਵਲੇਟ ਮੇਰੇ ਵਲ ਦੇਖਿਆ ਤੇ ਇਸ਼ਾਰਾ ਕੀਤਾ ਕਿ ਮੁੜ ਜਾਹ, ਮੈਥੋਂ ਕਦ ਮੁੜਿਆ ਜਾਂਦਾ ਸੀ। ਉਹ ਠੰਡੀ ਸੜਕ ਤੇ ਖੇਲਦਾ ਮੇਲਦਾ ਆਪਣੀਆਂ ਲਟਕਾਂ ਮਟਕਾਂ ਵਿਚ ਤੁਰਿਆ ਜਾਵੇ ਤੇ ਮਗਰੋਂ ਮੈਂ ਤੁਰਿਆ ਜਾਵਾਂ। ਸ਼ਹਿਰ ਤੋਂ ਦੋ ਮੀਲ ਬਾਹਰ ਵਾਰ ਲਾਰੰਸ ਗਾਰਡਨ ਵਲ ਜਾ ਨਿਕਲੇ ਰਸਤੇ ਵਿਚ ਸੜਕ ਦੇ ਦੋਹੀਂ ਪਾਸੇ ਬੜੀਆਂ ਬੜੀਆਂ ਕੋਠੀਆਂ ਬੰਗਲੇ ਆਏ। ਉਹ ਸਾਧੂ ਜਦ ਚਾਹੇ ਕਿਸੇ ਕੋਠੀ ਬੰਗਲੇ ਤੇ ਸੌਦਾਗਰਾਂ ਦੇ ਮਾਲ ਖਜ਼ਾਨਿਆਂ ਵਿਚ ਜਾ ਵੜੇ, ਮਾਨੋ ਸੈਰ ਕਰਦਾ ਫਿਰਦਾ ਹੈ। ਉਸ ਨੂੰ ਕੋਈ ਨ ਰੋਕੇ, ਮਗਰੋਂ ਉਸ ਦੇ ਮੈਂ ਜਾ ਵੜਾਂ, ਮੈਨੂੰ ਭੀ ਕੋਈ ਨਾ ਹਟਾਵੇ। ਐਸਾ ਜਾਪੇ ਕਿ ਸਾਨੂੰ ਕੋਈ ਦੇਖਦਾ ਹੀ ਨਹੀਂ ਅਸੀਂ ਸਭ ਨੂੰ ਦੇਖਦੇ ਹਾਂ। ਲਈਦੇ ਦੇਈਦੇ ਲਾਰੰਸ ਗਾਰਡਨ ਤੋਂ ਪਰਾਂ ਜਾ ਨਿਕਲ ਗਏ। ਉਦੂੰ ਪਰ੍ਹੇ ਮੈਂ ਕਦੇ ਗਿਆ ਹੀ ਨਹੀਂ ਸੀ। ਮੈਨੂੰ ਐਸੇ ਅਸਥਾਨਾਂ ਦੀ ਸੈਰ ਕਰਾਈ ਜਿਹੜੇ ਮੈਂ ਕਦੇ ਦੇਖੇ ਹੀ ਨਹੀਂ ਸਨ। ਸਾਰੇ ਲਾਹੌਰ ਸ਼ਹਿਰ ਦੇ ਦੁਆਲੇ ਦੋ ਮੀਲ ਪਰੇਡੇ



www.AKJ.Org

ਦਾਂ ਵਿਥ ਤੇ ਘੁੰਮੇ । ਕਈ ਦੁਮੰਜ਼ਲੇ, ਤਿਮੰਜ਼ਲੇ ਧਾਉਲਰਾਂ ਤੇ ਅਪਰੀਆਂ ਉਪਰ ਭੀ ਚੜ੍ਹ ਉਤਰੇ, ਪਰ ਕਿਸੇ ਨਾ ਹੋੜਿਆ, ਚੀਫ਼ ਕਾਲਜ ਦੇ ਹੇਠ ਉਤਲੇ ਸਾਰੇ ਕਮਰਿਆਂ ਵਿਚੋਂ ਦੀ ਸਾਰ ਪਾਰ ਲੰਘ ਗਏ ਵਿਚੇ ਪ੍ਰੋਫੈਸਰ ਪਏ ਫਿਰਨ ਤੇ ਜਮਾਤਾਂ ਦੀਆਂ ਪੜ੍ਹਾਈਆਂ ਹੋ ਰਹੀਆ ਸਨ ਕਿਤੇ ਭੀ ਸਾਨੂੰ ਕਿਸੇ ਨ ਟੋਕਿਆ । ਇਸ ਪਰਕਾਰ ਦੇ ਸੈਲ ਸਪਾਟੇ ਕਰਦੇ ਕਰਾਉਂਦੇ ਸਾਰੇ ਸ਼ਹਿਰ ਦੇ ਉਦਾਲੇ ਦਾ ਚੱਕਰ ਦਿਨ ਛਿਪਦੇ ਤਕ ਮੁਕਿਆ, ਓੜਕ ਉਹ ਫਕੀਰ ਸ਼ਾਹ ਆਲਮੀ ਦਰਵਾਜ਼ੇ ਦੇ ਬਾਹਰ ਵਾਰ ਇਕ ਚੁਗਾਨ ਵਿਚ ਆ ਬੈਠਾ । ਜਿਥੇ ਅਨੇਕ ਪਰਕਾਰ ਦੇ ਮੱਤਿਆ ਦੇ ਸਾਧਾਂ ਦੇ ਟੋਲੇ ਅੱਡੋ ਅੱਡੀ ਅਖਾੜੇ ਜਮਾਈ ਬੈਠੇ ਸਨ, ਪਰ ਉਹ ਕਿਸੇ ਟੋਲੇ ਵਿਚ ਨਾ ਰਲਿਆ । ਇਕ ਅਟੰਕ ਜਗ੍ਹਾ ਤੇ ਵਖਰਾ ਜਾ ਬੈਠਾ । ਉਸ ਦੇ ਅਗੇ ਅਨੇਕ ਪ੍ਰਕਾਰ ਦੇ ਪਦਾਰਥਾਂ ਦੇ ਢੇਰ ਆ ਲਗੇ, ਪਰ ਉਸ ਨੂੰ ਪਤਾ ਹੀ ਨਹੀਂ ਕਿ ਉਸ ਦੇ ਮੂਹਰੇ ਕੀ ਪਿਆ ਹੈ । ਉਸ ਦੀਆਂ ਅੱਖਾਂ ਟਟਾਰੇ ਲਗ ਰਹੀਆਂ ਸਨ ਅਤੇ ਝਮਕਦੀਆਂ ਭੀ ਨਹੀਂ ਸਨ, ਮਾਨੋ ਬ੍ਰਹਮੰਡ ਅਕਾਸ਼ ਦਾ ਤਮਾਸ਼ਾ ਦੇਖ ਰਹੀਆਂ ਸਨ ਤੇ ਮੈਂ ਸਾਹਮਣੇ ਥੋੜੀ ਦੂਰ ਖੜਾ ਉਸ ਵਲ ਦੇਖੀ ਜਾਵਾਂ । ਮੈਨੂੰ ਕੋਈ ਸੁਧ ਨਹੀਂ ਕਿ ਕੋਈ ਮੈਨੂੰ ਦੇਖਦਾ ਭੀ ਹੈ । ਮੂੰਹ ਨ੍ਹੇਰਾ ਹੋਣ ਲਗਾ ਤਾਂ ਮੈਨੂੰ ਰਹਿਰਾਸ ਦੇ ਪਾਠ ਦੀ ਸੋਝੀ ਆਈ । ਮੈਂ ਪਾਠ ਕਰਨ ਨਿਮਤ ਇਕਲਵਾਂਝੇ ਜਾ ਬੈਠਾ । ਭੋਗ ਪਾ ਕੇ ਜਦੋਂ ਉਸ ਵਲ ਫੇਰ ਆਇਆ ਤਾਂ ਉਸ ਫਕੀਰ ਨੂੰ ਉਥੇ ਨਾ ਪਾਇਆ । ਵਿਆਕੁਲ ਹੋਕੇ ਇਧਰ ਉਧਰ ਬਥੇਰੀ ਢੂੰਡ ਭਾਲ ਕੀਤੀ, ਪਰ ਕੁਝ ਪਤਾ ਨਾ ਮਿਲਿਆ । ਉੜਕ ਮੈਂ ਨਿਰਾਸ ਹੋ ਕੇ ਨਾਭਾ ਹਾਊਸ ਨੂੰ ਚਲਿਆ ਆਇਆ ਉਸੇ ਤਰ੍ਹਾਂ ਘਰੋੜੇ ਮੰਜੇ ਤੇ ਆ ਡਿਗਾ । ਅੰਨ ਜਲ ਕੁਝ ਨਾ ਕੀਤਾ । ਸਾਰੀ ਰਾਤ ਉਸਲ ਵਟਿਆਂ ਵਿਚ ਲੰਘੀ । ਇਕ ਇਹੋ ਲਗਨ ਲਗੀ ਹੋਈ ਕਿ ਕਿਵੇਂ ਉਸ ਫਕੀਰ ਦੇ ਮੇਲੇ ਹੋਣ, ਪਰ ਦਿਨ ਚੜ੍ਹਦੇ ਹੀ ਮੇਰੇ ਸਾਥੀ ਮੈਨੂੰ ਧ੍ਰੂ ਘੜੀਸ ਕੇ ਕਾਲਜ ਵਲ ਲੈ ਤੁਰੇ । ਪੁਰਾਣੀ ਅਨਾਰ ਕਲੀ ਵਿਚ ਜਾ ਪਹੁੰਚੇ ਤਾਂ ਇਕ ਘੜੀ ਸਾਜ਼ ਦੀ ਦੁਕਾਨ ਉਤੋਂ ਸਾਡੇ ਵਿਚੋਂ ਕਿਸੇ ਨੇ ਘੜੀ ਲੈਣੀ ਸੀ । ਅਸੀ ਉਥੇ ਸਾਰੇ ਜਾ ਵੜੇ । ਮੇਰੀ ਨਿਗਾਹ ਬਾਹਰ ਵਲ ਲਗੀ ਹੋਈ ਸੀ ਕਿ ਮਤੇ ਉਹ ਫਕੀਰ ਨਜ਼ਰੀਂ ਪੈ ਜਾਵੇ । ਮੈਂ ਇਸੇ ਖਿਆਲ ਵਿਚ ਖੜਾ ਸੀ । ਕਿ ਝਟ ਪਟ ਉਹੋ ਫਕੀਰ ਉਸ ਦੁਕਾਨ ਦੇ ਅਗੋ ਕਿਧਰੋਂ ਆ ਨਿਕਲਿਆ । ਖੜੋਂਦੇ ਸਾਰ ਮੇਰੇ ਵਲ ਤੱਕਿਆ ਤੇ ਮੁਸਕਰਾਇਆ ਅਤੇ ਖਿਚ ਦੁਆਰਾ ਮੈਨੂੰ ਮਗਰੇ ਧ੍ਰੂ ਕੇ ਲੈ ਤੁਰਿਆ । ਮੇਰੀਆਂ ਕਿਤਾਬਾਂ ਉਥੇ ਹੀ ਪਈਆਂ ਰਹਿ ਗਈਆਂ । ਮੈਨੂੰ ਕਾਲਜ ਜਾਣਾ ਭੁਲ ਗਿਆ । ਕਲ ਵਾਂਗੂੰ ਉਸੇ ਤਰ੍ਹਾਂ ਪਹਿਲਾਂ ਉਸ ਫੁਹਾਰੇ ਵਾਲੇ ਹੋਜ਼ ਦੇ ਚਮਨ ਵਿਚ ਪਹੁੰਚੇ । ਉਥੇ ਉਹ ਖੜੇ ਖੜੋਤੇ ਮੈਨੂੰ ਧਿਆਨ ਮਗਨ ਹੋਇਆ, ਪ੍ਰਤੀਤ ਹੋਇਆ । ਮੈਥੋਂ ਰਿਹਾ ਨਾ ਗਿਆ, ਧਾ ਕੇ ਚਰਨ ਫੜਨ ਨੂੰ ਔਹਲਿਆ, ਪਰ ਪਤਾ ਨਹੀਂ ਉਸ ਨੇ ਕਿਵੇਂ ਤਾੜ ਲਿਆ, ਮੇਰੀ ਠੋਡੀ ਦੇ ਹੇਠਾਂ ਹਥ ਪਾ ਕੇ ਉਪਰੋਂ ਬੋਚ ਲਿਆ । ਮੈਂ ਬੁਤ ਵਾਂਗੂ ਖੜਾ ਹੀ ਰਹਿ ਗਿਆ ਤੇ ਉਹ ਰਸਤੇ ਹੋ ਤੁਰੇ । ਅਜੇ ਥੋੜੀ ਹੀ ਦੂਰ ਗਏ ਸੀ ਕਿ ਮੈਂ ਨਵਾਂ ਨਰੋਆ ਹੋ ਕੇ ਫਿਰ ਪਿਛੇ ਜਾ ਲਗਿਆ । ਹੋਰ ਸਾਰਾ ਵਿਸਥਾਰ ਕੀ ਦਸਾਂ । ਉਹ ਉਹ ਸਾਰਾ ਦਿਨ ਇਸੇ ਤਰਾਂ ਬਿਤਾਇਆ ਕਿ ਉਹ ਅਗੇ ਤੇ ਮੈਂ ਪੰਜ ਕੁ ਕਦਮ ਵਿਥ ਦੀ ਪਿਛੇ ਬੜੇ ਉਤਾਰ ਚੜ੍ਹਾਉ ਮੈਨੂੰ ਦਿਖਾਏ, ਪਰ ਮੈਂ ਪਿੱਛਾ ਨਾ ਛਡਿਆ । ਗਲ ਬਾਤ ਕੋਈ ਨਹੀਂ ਹੋਈ ਅਤੇ ਉਹ ਬੋਲਦੇ ਕਿਸੇ ਨਾਲ ਨਹੀਂ ਸਨ । ਮੇਰੇ ਹਿਰਦੇ ਅੰਦਰ ਇਸ ਗੁਰਵਾਕ ਵਾਲੀ ਸ਼ਰਧਾ ਬੈਠੀ ਹੋਈ ਸੀ ਕਿ—"ਕਬੀਰ ਸੰਤ ਕੀ ਗੈਲ ਨ ਛੋਡੀਐ ਮਾਰਗਿ ਲਾਗਾ ਜਾਉ । ਪੇਖਤ ਹੀ ਪੁਨੀਤ ਹੋਇ ਭੇਟਤ ਜਪੀਐ ਨਾਉ" । ਸੋ ਮੈਂ ਗੈਲ ਨਾ ਛਡੀ, ਮਾਰਗ ਲਗਾ ਹੀ ਚਲਿਆ ਗਿਆ । ਉਸ ਵੇਲੇ ਇਨ੍ਹਾਂ ਤੁਕਾਂ ਦੇ ਇਹੋ ਸਧਾਰਨ


www.AKJ.Org

ਭਾਵ ਅਰਥ ਹੀ ਮੇਰੇ ਅੰਦਰ ਦ੍ਰਿੜ ਸਨ । ਅਜ ਵੀ ਕਲ ਵਾਂਗੂ ਰੰਗਾ ਰੰਗੀ ਬਚਿੱਤ੍ਰ ਰਚਨਾ ਮਹਿਲ ਮਾੜ੍ਹੀਆਂ ਦੇ ਰੰਗ ਤਮਾਸ਼ੇ ਦੇਖੇ ਜੋ ਮੈਂ ਸੁਪਨੇ ਵਿਚ ਵੀ ਨਹੀਂ ਦੇਖੇ ਸਨ। ਪ੍ਰਤੱਖ ਤਾਂ ਕੀ ਦੇਖਣੇ ਸਨ। ਮੁਕਦੀ ਗਲ ਇਹ ਕਿ ਅਜ ਦਾ ਗੇੜ ਵੀ ਕਲ ਵਾਂਗੂ ਹੀ ਲਗਾ। ਤੇ ਸਾਰੇ ਦਿਨ ਵਿਚ ਦੀ ਮੁਕਿਆ। ਆਥਣੇ ਜਿਥੇ ਕਲ ਆ ਕੇ ਬੈਠੇ ਸੀ ਆ ਕੇ ਦਮ ਲਿਆ। ਮੇਰੀ ਸ਼ਰਧਾ ਭਾਵਨੀ ਉਸ ਫਕੀਰ ਪਰ ਕਲ ਨਾਲੋਂ ਭੀ ਅਧਿਕ ਵਧ ਗਈ। ਤੇ ਵਧਦੇ ੨ ਹੋਰ ਭੀ ਵਹਿਣ ਦੇ ਰੰਗਾਂ ਵਿਚ ਪੈਣ ਲਈ ਸੀ ਕਿ ਅਚਾਨਕ ਭਾਣਾ ਹੋਰ ਹੀ ਵਰਤ ਗਿਆ। ਉਹ ਜਿਹੜਾ ਬੀਰ ਰਾਗ ਸਾਧੂ ਪਰਤੀਤ ਹੁੰਦਾ ਸੀ। ਉਹ ਜਿਸ ਨੂੰ ਮੈਂ ਜਾਣ ਚੁਕਿਆ ਸੀ ਕਿ ਜਿਸ ਨੂੰ ਸੰਸਾਰ ਭਰ ਦੇ ਮਾਇਕ ਪਦਾਰਥ ਪੋਹਤਕ ਨਹੀਂ ਸਕਦੇ, ਜਿਸ ਨੂੰ ਮੈਂ ਪਉਣਹਾਰੀ ਨਿਰਾਹਾਰ ਫਕੀਰ ਮਨਬਚ ਕ੍ਰਮ ਕਰਕੇ ਸਮਝ ਚੁਕਾ ਸੀ। ਅਤੇ ਉਸ ਦੇ ਅਗੇ ਭਾਂਤ ੨ ਦੇ ਪਚਵਾਨ ਭੋਜਨ ਤੇ ਮੇਵਿਆਂ ਦੇ ਢੇਰ ਲਗੇ ਪਏ ਕਿਤੇ ਵਲ ਤਕਦਾ ਭੀ ਨਹੀਂ ਸੀ। ਲਉ ਅਚਾਨਕ ਮੇਰੀ ਨਿਰਾਸਤਾ ਨੂੰ ਕੀ ਭਾਣਾ ਵਰਤ ਜਾਂਦਾ ਹੈ ਕਿ ਇਕ ਆਦਮੀ ਸੁਲਫੇ ਦੀ ਚਿਲਮ ਅਗ ਨਾਲ ਭਖਦੀ ਉਸ ਦੇ ਅਗੇ ਲਿਆਉਂਦਾ ਹੈ ਉਹ ਫਕੀਰ ਬਗੈਰ ਕਿਸੇ ਸੰਕੋਚ ਦੇ ਤਾਬੜ ਤੋੜ ਉਸ ਚਿਲਮ ਨੂੰ ਹਥ ਵਿਚ ਫੜ ਕੇ ਸੂਟੇ ਲਾਉਣ ਲਗ ਜਾਂਦਾ ਹੈ। ਦੇਖਣ ਸਾਰ ਮੇਰਾ ਕਾਲਜਾ ਪਾਟ ਗਿਆ, ਮੇਰੇ ਕੋਮਲ ਸਰਧਾਵਾਨ ਹਿਰਦੇ ਉਤੇ ਐਸੀ ਬੱਜਰ ਬਿੱਜ ਪਈ, ਕਿ ਮੇਰੇ ਪੈਰਾਂ ਹੇਠੋਂ ਮਿਟੀ ਨਿਕਲ ਗਈ ਤੇ ਧੜੰਮ ਦੇ ਕੇ ਗਸ਼ ਖਾਕੇ ਡਿਗਾ। ਹਾਲਟ ਹੋ ਗਈ। ਮੈਨੂੰ ਖਬਰ ਨਹੀਂ, ਕਿਵੇਂ ਹੋਸ਼ ਆਈ, ਪਰ ਹੋਸ਼ ਆਉਣ ਸਾਰ ਮੈਂ ਆਪਣੇ ਕਾਲਜੇ ਨੂੰ ਥੰਮ ਕੇ ਉਥੋਂ ਤੁਰਨ ਦੀ ਕੀਤੀ। ਮੈਨੂੰ ਤੁਰਦੇ ਨੂੰ ਹੀ ਉਸ ਕਦੇ ਨਾ ਬੋਲਣ ਵਾਲੇ ਤੇ ਕਦੇ ਕਿਸੇ ਦੀ ਪਰਵਾਹ ਨਾ ਕਰਨ ਹਾਰੇ ਫਕੀਰ ਨੇ ਆਣ ਵੰਗਾਰਿਆਂ ਕਿ--

"ਕਿਉਂ ! ਇਤਨੀ ਹੀ ਜਰਾਂਦ ਸੀ ? ਥੋੜੀ ਵਿਚ ਹੀ ਪਰਖੇ ਗਏ ਤੇ ਅਸਰਧਕ ਹੋਕੇ ਮੂੰਹ ਮੋੜ ਚਲੇ ?" ਮੈਂ ਆਖਿਆ ਕਿ ਜੇ ਹੁਣ ਤੂੰ ਰਬ ਬਣ ਕੇ ਵੀ ਆਵੇਂ ਤਾਂ ਮੇਰੀ ਸ਼ਰਧਾ ਤੇਰੇ ਉਤੇ ਨਹੀਂ ਜੰਮੇਗੀ ਤੇ ਮੈਂ ਇਹ ਤੁਕ ਪੜ੍ਹੀ :-

"ਮੈਂ ਜਾਨਿਆ ਵਡ ਹੰਸੁ ਹੈ ਤਾਂ ਮੈਂ ਕੀਆ ਸੰਗਿ ॥ ਜੇ ਜਾਣਾ ਬਗੁ ਬਪੁੜਾ ਜਨਮ ਨ ਭੇੜੀ ਅੰਗਿ ॥"

ਅਤੇ ਪੜ੍ਹਦੇ ਸਾਰ ਹੀ ਉਸ ਥੋਂ ਪੱਲਾ ਛੁਡਾ ਕੇ ਚਲਦਾ ਲਗਾ। ਮੇਰੇ ਪਿਛੇ ਇਕ ਹੋਰ ਆਦਮੀ ਦੌੜਦਾ ਆਇਆ ਅਤੇ ਮੇਰੇ ਨਾਲ ਨਾਲ ਤੁਰ ਪਿਆ ਅਤੇ ਇਸ ਪ੍ਰਕਾਰ ਦਾ ਛੇੜ ਛੇੜਿਆ : ਉਹ ਆਦਮੀ--ਭਾਈ ! ਜਿਸ ਨੇ ਕਦੇ ਕਿਸੇ ਨੂੰ ਬੁਲਾਇਆ ਹੀ ਨਹੀਂ ਤੇ ਕਦੇ ਕਿਸੇ ਦੀ ਪਰਵਾਹ ਵੀ ਨਹੀਂ ਕੀਤੀ, ਉਸ ਸਾਈਂ ਫਕੀਰ ਨੇ ਤੈਨੂੰ ਆਪ ਬੁਲਾਇਆ ਹੈ। ਤਾਂ ਤੂੰ ਉਸਨੂੰ ਪਿਠ ਦੇ ਕੇ ਤੁਰ ਪਿਆ ਇਹ ਤੇਰੇ ਬੜੇ ਅਭਾਗ ਹਨ। ਇਹ ਬੜਾ ਪਹੁੰਚਿਆ ਹੋਇਆ ਸਾਧੂ ਫਕੀਰ ਹੈ ਤੇ ਬੜੀ ਉਚ ਕੁਲ ਦਾ ਕਸ਼ਮੀਰੀ ਬ੍ਰਾਹਮਣ ਹੈ, ਜੋ ਕੋਈ ਬਰਸਾਂ ਤੇ ਇਰੋਕਤ ਬੀਰ ਰਾਗ ਹੋਕੇ ਏਥੇ ਬਿਚਰਦਾ ਹੈ, ਅਤੇ ਮੋਨ ਧਾਰੀ ਹੋਕੇ ਹਮੇਸ਼ਾ ਆਪਣੇ ਰੰਗਾਂ ਵਿਚ ਮਸਤ ਰਹਿੰਦਾ ਹੈ। ਅਜ ਪਹਿਲਾ ਦਿਨ ਹੈ ਕਿ ਇਸ ਨੇ ਤੇਰੇ ਨਾਲ ਬਚਨ ਬਿਲਾਸ ਕੀਤਾ। ਤੇਰੇ ਮਨ ਵਿਚ ਕੀ ਆਈ ਕਿ ਇਸ ਤੋਂ ਮੂੰਹ ਮੋੜ ਚਲਿਆ ਹੈ ? ਮੈਂ ਭਾਈ ! ਭਾਵੇਂ ਕੋਈ ਕਿਤਨਾ ਹੀ ਵੱਡਾ ਫਕੀਰ ਹੋਵੇ ਅਸੀਂ ਤਾਂ ਗੁਰਮਤਿ ਦੀ ਕਸੌਟੀ ਨਾਲ ਉਸ ਨੂੰ ਪਰਖਣਾ ਹੈ। ਉਚ ਕੁਲ ਤੇ ਲੌਕਿਕ ਵਡਿ ਕਰਨੀ ਦੀ ਏਥੇ ਕੋਈ ਪਰਵਾਹ ਪਰਖ ਨਹੀਂ।

ਨੀਚਾ ਅੰਦਿਰ ਨੀਚ ਜਾਤਿ ਨੀਚੀ ਹੂ ਅਤਿ ਨੀਚੁ ਨਾਨਕ ਤਿਨ ਕੇ ਸੰਗਿ ਸਾਥਿ, ਵਡਿਆ ਸਿਉ ਕਿਆ ਰੀਸ ॥"

ਉਹ ਆਦਮੀ ਫੇਰ ਤੈਂ ਉਸ ਵਿਚ ਕੀ


www.AKJ.Org

ਐਬ ਵੇਖਿਆ ? ਮੈਂ—ਕਿਸੇ ਦੇ ਐਬ ਵੇਖਣ ਦਾ ਸਾਡਾ ਕੋਈ ਮਤਲਬ ਨਹੀਂ ।

ਮਨ ਨਹੀਂ ਪੁੜਿਆ, ਮਨ ਨਹੀਂ ਮੰਨਿਆ, ਥੋੜਾ ਜਰਾ ਜਰਾ ਵੇਖਿਆ ਤਾਂ "ਉਤਰ ਪਰਿਓ ਹਉ ਫਰਕ," । ਬਸ ਏਦੂੰ ਵਧ ਹੋਰ ਬਾਹਲੀ ਗਲ ਕਰਨ ਦੀ ਲੋੜ ਨਹੀਂ । ਤੁਸੀਂ ਆਪਣੇ ਰਾਹ ਲਗੋ, ਮੈਨੂੰ ਆਪਣੇ ਰਾਹ ਜਾਣ ਦਿਉ । ਗਲ ਕੀ ਉਸ ਆਦਮੀ ਨੂੰ ਓੜਕ ਖਿਸਕਣਾ ਹੀ ਪਿਆ ਅਤੇ ਮੈਂ ਗੋਲ ਬਾਗ ਵਿਚ ਜਾ ਕੇ ਏਕਾਂਤ ਅਸਥਾਨ ਬੈਠ ਕੇ ਰਹਿਰਾਸ ਦਾ ਪਾਠ ਬੜੀ ਵੈਰਾਗ ਬ੍ਰਿਤੀ ਵਿਚ ਕੀਤਾ, ਭੋਗ ਪਾ ਕੇ ਅਰਦਾਸਾ ਸੋਧਿਆ ।

ਪਰੇਮ ਭਿੰਨਾ ਅਰਦਾਸਾ

"ਹੇ ਸੱਚੇ ਪਾਤਸ਼ਾਹ ! ਇਸ ਭਰਮ ਭੁਲੇ ਭਟਕਣ ਹਾਰ ਆਪਣੇ ਇਆਣੇ ਬਾਲਕ ਨੂੰ ਅਜ ਤੈਂ ਆਪਣੀ ਅਪਾਰ ਕਿਰਪਾ ਕਰਕੇ ਉਭਾਰਿਆ ਹੈ । ਤੇਰੀ ਲਾਈ ਹੋਈ ਸਿਕ ਲਗੀ, ਤੈਂ ਹੀ ਇਸ ਦਾਸ ਨੂੰ ਖੋਜ਼ ਵੈਰਾਗੀ ਬਨਾਇਆ । ਤੂੰ ਹੀ ਕਸਵਟੀ ਲਾਵਣ ਹਾਰ ਹੈਂ । ਤੂੰ ਹੀ ਪਰਖ ਖਜ਼ਾਨੇ ਨੂੰ ਪਾਵਣ ਹਾਰ ਹੈਂ । ਤੂੰ ਹੀ ਲਗੀ ਪ੍ਰੀਤ ਨੂੰ ਓੜ ਨਿਭਾਵਣ ਹਾਰ ਹੈਂ । ਅਡੋਲ ਸਰਧਾ ਭਾਵਨੀ ਵਾਲੀ ਗੁਰਮਤਿ ਪਰਦਾਨ ਕਰ ਤੇ ਤੇਰੇ ਘਰ ਹੀ ਸੰਤਾਂ, ਭਗਤਾਂ, ਸਾਧੂਆਂ ਅਤੇ ਗੁਰਮੁਖਾਂ ਦੀ ਚਰਨ ਸਰਨ ਅਤੇ ਸੰਗਤ ਪ੍ਰਾਪਤ ਹੋਵੇ ਅਤੇ ਗੁਰਮਤਿ ਅਸੂਲਾਂ ਦੀ ਧਾਰਨਾ ਦੇ ਧਾਰਨੀਂ ਸਦਾ ਆਪਣੇ ਇਸ ਆਸਾ ਵੰਤ ਦਾਸ ਨੂੰ ਬਣਾਈਂ ਰਖੀਂ !!"

ਇਸ ਪ੍ਰਕਾਰ ਦੇ ਭਾਵ ਦੀ ਜੋਦੜੀ ਅਰਦਾਸੇ ਵਿਚ ਕੀਤੀ ਅਤੇ ਠੰਡਾ ਠਾਰ ਹੋਕੇ ਆਪਣੇ ਬਿਸ੍ਰਾਮ ਅਸਥਾਨ ਤੇ ਜਾ ਬਰਜਿਆ । ਦੂਜੇ ਦਿਨ ਛੁਟੀ ਸੀ, ਮੈਂ ਅੰਮ੍ਰਿਤ ਵੇਲੇ ਇਸ਼ਨਾਨ ਪਾਠ ਕਰਕੇ ਦਿਨ ਚੜ੍ਹਦੇ ਸਾਰ ਇਕਲਾ ਹੀ ਗੁਰੂ ਕੀਆਂ ਸੰਗਤਾਂ ਦੇ ਦਰਸ਼ਨੀ ਦੀਵਾਨਾਂ ਵਿਚ ਜੁੜਨ ਦੇ ਲਾਹੇ ਲਈ ਉਤਾਵਲਾ ਹੋਕੇ ਨਿਕਲ ਤੁਰਿਆ । ਮੈਨੂੰ ਸੁਝ ਨਹੀਂ ਸੀ ਕਿ ਕਿਤ ਵਲ ਜਾਂਦਾ ਹਾਂ । ਐਵੇਂ ਅੰਦਰੋਂ ਹੀ ਪਰੇਰਨਾ ਹੋਈ ਕਿ ਚਲੋ ਅਜ ਭਾਈ ਤਾਰੂ ਸਿੰਘ ਜੀ ਦੇ ਸ਼ਹੀਦ ਗੰਜ ਦਾ ਦਰਸ਼ਨ ਚਲ ਕਰੀਏ । ਅਤੀਤ ਬੈਰਾਗੀ ਹੋ ਕੇ ਉਤ ਵਲ ਚਲ ਨਿਕਲਿਆ ।

ਇਕ ਗੈਬੀ ਬ੍ਰਿਧ ਸਿੰਘ ਦੇ ਦਰਸ਼ਨ :-

ਜਦੋਂ ਮੈਂ ਉਥੇ ਪਹੁੰਚਿਆ ਤਾਂ ਅਜੇ ਸ਼ਹੀਦ ਗੰਜ ਦੇ ਬੂਹੇ ਵੜਨ ਹੀ ਲਗਾ ਸੀ । ਕਿ ਇਕ ਬਿਰਧ ਸਿੰਘ ਸੁਜਾਨ ਚਿਟੇ ਦਾੜ੍ਹੇ ਵਾਲੇ ਮੈਨੂੰ ਮਿਲੇ । ਦਾਸ ਨੇ ਦੋਇ ਕਰ ਜੋੜ ਫਤਿਹ ਬੁਲਾਈ ਅਤੇ ਉਹਨਾਂ ਦੇ ਅਗੇ ਨਿਉਂ ਕੇ ਖਲੋਇਆ । ਉਹਨਾਂ ਮੈਨੂੰ ਥਾਪਣਾ ਦੇ ਕੇ ਆਖਿਆ :— "ਜਾਹ ਤੇਰੇ ਉਤੇ ਗੁਰੂ ਕੀਆਂ ਖੁਸ਼ੀਆਂ ਹਨ । ਤੂੰ ਸੁਲਫਈ ਫਕੀਰ ਉਪਰ ਨਹੀਂ ਰੀਝਿਆ ਗੁਰੂ ਘਰ ਦੇ ਸੰਤਾਂ ਸੰਗ ਹੀ ਤੇਰੀ ਵਿਹਾਵੇਗੀ । ਜਾਹ ! ਅੰਦਰ ਸ੍ਰੀ ਗੁਰੂ ਗ੍ਰੰਥਿ ਸਾਹਿਬ ਜੀ ਦੇ ਦਰਸ਼ਨ ਕਰ । ਏਹੀ ਸੱਚੇ ਗੁਰੂ ਕਲ-ਜੁਗਦੇ ਹਨ । ਇਹਨਾਂ ਦੇ ਲੜ ਲਗਿਆਂ ਹੀ ਪਾਰ ਉਤਾਰਾ ਹੋਵਸੀ । ਨਿਤ ਉਠ ਪਹਿਲਾਂ ਇਹਨਾਂ ਦਾ ਹੀ ਦਰਸ਼ਨ ਪਾਠ ਕੀਤਾ ਕਰ । ਇਤਨੇ ਬਚਨ ਕਹਿਕੇ ਉਹ ਬ੍ਰਿਧ ਅਲੋਪ ਹੋ ਗਿਆ । ਦਾਸ ਰਸ ਪਰੇਮ ਭਰਿਆ ਸ਼ਹੀਦ ਅਸਥਾਨ ਦੇ ਅੰਦਰ ਆਇਆ ਅਤੇ ਗੁਰੂ ਸਾਹਿਬ ਗੁਰੂ ਗ੍ਰੰਥਿ ਸਾਹਿਬ ਜੀ ਦੇ ਦਰਸ਼ਨ ਪਾਠ ਕੀਤੇ । ਮੈਨੂੰ ਯਾਦ ਨਹੀਂ ਕਿ ਉਸ ਵਕਤ ਕਿਹੜਾ ਗੁਰੂ ਵਾਕ ਆਇਆ ਪਰ ਉਸ ਦਾ ਭਾਵ ਉਤਸ਼ਾਹ ਦਾਤਾ ਤੇ ਗੁਰਮਤਿ ਦੀ ਚੜ੍ਹਦੀ ਕਲਾਂ ਵਿਚ ਉਭਾਰਨ ਵਾਲਾ ਸੀ । ਬਸ ਉਸ ਦਿਨ ਤੋਂ ਸ੍ਰੀ ਗੁਰੂ ਗ੍ਰੰਥਿ ਸਾਹਿਬ ਜੀ ਦੇ ਦਰਸ਼ਨ ਦਾ ਨੇਮ ਪਰੇਮ ਅਰੰਭ ਹੋ ਗਿਆ । ਗੁਰੂ ਕੀਆਂ ਸੰਗਤਾਂ ਦੀ ਟਹਿਲ ਮਹਿਲ ਪ੍ਰਾਪਤ ਹੋਣ ਲਗ ਪਈ । ਮੇਰੇ ਵਾਸਤੇ ਸਚੀ ਵਿਦਯਾ ਗੁਰਮਤਿ ਵਿਦਯਾ ਦੇ ਗੁਪਤ ਖਜ਼ਾਨੇ ਖੁਲ੍ਹ ਗਏ ਅਤੇ ਸੰਸਾਰੀ ਵਿਦਯਾ ਅਵਿਦਯਾ ਹੀ ਭਾਸਣ ਲਗ ਪਈ ਉਧਰ ਰੁਚੀ ਹੀ ਨਾ ਜਾਵੇ, ਐਵੇਂ ਬਧੀ ਚਟੀ ਭਰਦਾ ਰਿਹਾ ।



www.AKJ.Org

**ਬੀ. ਏ. ਦਾ ਇਮਤਿਹਾਨ ਸੰਨ ੧੯੦੦ ਈ:**

ਬੀ. ਏ. ਦੇ ਇਮਿਤਿਹਾਨ ਦੇ ਦਿਨ ਆ ਗਏ ਤੇ ਐਸੇ ਸਮੇਂ ਆਏ ਕਿ ਜਦੋਂ ਗੁਰਮਤਿ ਬੈਰਾਗ ਬ੍ਰਿਤੀ ਪੂਰੇ ਜੋਬਨਾਂ ਤੇ ਸੀ। ਅਤੇ ਅੰਤਰ ਗਤਿ ਹਰ ਦਮ ਪ੍ਰਮਾਰਥੀ ਲਗਣ ਦੀਆਂ ਲਹਿਰਾਂ ਉਠਦੀਆਂ ਰਹਿੰਦੀਆਂ ਸਨ। ਬੈਠੇ ਬੈਠੇ ਹੀ ਇਹਨਾਂ ਲਹਿਰਾਂ ਵਿਚ ਅਜਿਹਾ ਗੋਤਾ ਖਾ ਜਾਣਾ ਕਿ ਆਪਣੇ ਆਪ ਦਾ ਪਤਾ ਹੀ ਕੁਛ ਨਾ ਰਹਿਣਾ। ਐਗਜ਼ਾਮੀਨੇਸ਼ਨ ਹਾਲ ਵਿਚ ਬੈਠਾ ਪਰਚਾ ਲਿਖ ਰਿਹਾ ਸਾਂ ਲਿਖਦੇ ਲਿਖਦੇ ਨੂੰ ਅੰਤਰਗਤਿ ਪ੍ਰਮਾਰਥ ਦੀ ਕੋਈ ਲਹਿਰ ਉੱਠੀ ਬਸ ਕਲਮ ਉਥੇ ਦੀ ਉਥੇ ਹੀ ਰਹਿ ਗਈ। ਪਰਚਾ ਲਿਖਣ ਦੀ ਸੁਧ ਬੁਧ ਹੀ ਨਾ ਰਹੀ। ਪਰਚਾ ਜਿਥੇ ਤਕ ਲਿਖਿਆ ਉਥੇ ਹੀ ਰਹਿ ਗਿਆ। ਅਗਾਂਹ ਤੁਰਿਆ ਹੀ ਨਹੀਂ। ਤੋਰੇ ਕੌਣ! ਤੋਰਨ ਹਾਰੇ ਦੀ ਆਂਙੜਾਂ ਤਾਂ ਕਿਸੇ ਹੋਰ ਥਾਉਂ ਫਸ ਰਹੀਆਂ ਸਨ। ਐਸੇ ਇਸ਼ਕ ਪੇਚੇ ਰਹੇ ਸਨ ਕਿ ਪੇਚੀ ਪਈ ਡੋਰ ਨੂੰ ਤੁਲਕਣ ਦੀ ਤਾਬ ਹੀ ਨਾ ਰਹੀ।

ਐਹੋ ਜਿਹੇ ਬਾਵਰੇ ਵਹਿਣਾਂ ਵਿਚ ਵੇਲਾ ਘੂ ਘੜੀਸ ਕੇ ਟਪਾਇਆ। ਪਿਤਾ ਹੋਰਾਂ ਨੂੰ ਸਾਰੀਆਂ ਖਬਰਾਂ ਜਾ ਪਹੁੰਚਦੀਆਂ ਸਨ ਆਪ ਲਾਹੌਰ ਆਕੇ ਮੈਨੂੰ ਆਪਣੇ ਨਾਲ ਲੈ ਗਏ ਤੇ ਲਿਜਾ ਕੇ ਹੋਰ ਪਰਚਾਵੇ ਲਾਉਣ ਦੇ ਜਤਨ ਕੀਤੇ। ਮੇਰੇ ਪੁਛੇ ਤੋਂ ਬਿਨਾਂ ਹੀ ਨਾਇਬ ਤਸੀਲਦਾਰੀ ਵਿਚ ਮੇਰਾ ਮਣਕਾ ਪਰੋ ਦਿਤਾ। ਮੈਨੂੰ ਫਸੇ ਨੂੰ ਜਿਵੇਂ ਉਥੇ ਸਮਾਂ ਨਿਭਾਉਣਾ ਪਿਆ, ਉਹ ਫੇਰ ਤਰੰਗ ਉਠੀ ਤਾਂ ਵਰਨਣ ਕਰਾਂਗਾ। ਹੁਣ, ਅੱਕ ਗਿਆ ਹਾਂ ਤੇ ਅੱਕ ਕੇ ਆਗਿਆ ਮੰਗਦਾਂ ਹਾਂ।

ਰਣਧੀਰ ਸਿੰਘ (ਚਲਦਾ)

## * ਮਾਸਕ ਰੈਣ ਸਬਾਈ ਕੀਰਤਨ ਸਮਾਗਮ *

ਪਿੰਡ ਘੁਮਾਣਾਂ ਜ਼ਿਲਾ ਲੁਧਿਆਣਾ

ਸਮੂੰਹ ਸੰਗਤਾਂ ਦੇ ਚਰਨਾਂ ਵਿਖੇ ਬਿਨੈ ਹੈ ਕਿ ਮਹੀਨਾ ਜੁਲਾਈ ਦਾ ਰੈਣ ਸਬਾਈ ਕੀਰਤਨ ਸਮਾਗਮ ੩੦-੭-੬੬ ਅਤੇ ੩੧-੭-੬੬ ਦੀ ਵਿਚਕਾਰਲੀ ਰਾਤ ਨੂੰ ਭਾਈ ਜਸਵੰਤ ਸਿੰਘ ਜੀ ਪਿੰਡ ਘੁਮਾਣਾ ਦੇ ਗ੍ਰਹਿ ਵਿਖੇ ਹੋਣਾ ਨੀਯਤ ਹੋਇਆ ਹੈ। ਜਦੋਂ ਕਿ ਮਹੀਨਾ ਜੂਨ ੬੬ ਦਾ ਕੀਰਤਨ ਸਮਾਗਮ ਸੱਚ ਖੰਡ ਵਾਸੀ ਮਾਸਟਰ ਜੁਗਿੰਦਰ ਸਿੰਘ ਜੀ ਦੀ ਪਵਿਤਰ ਯਾਦ ਵਿਚ ਉਹਨਾਂ ਦੇ ਗ੍ਰਹਿ ਪਿੰਡ ਬੜੂੰਦੀ ਜ਼ਿਲਾ ਲੁਧਿਆਣਾ ਵਿਖੇ ਮਨਾਇਆ ਜਾ ਚੁਕਾ ਹੈ। ਜਥੇ ਵਲੋਂ ਅਖੰਡ ਪਾਠ ਅਤੇ ਕੀਰਤਨ ਰੈਣ ਸਬਾਈ ਦੀ ਪੂਰੇ ਚਾਰ ਦਿਨ ਅੰਮ੍ਰਿਤ ਵਰਸ਼ਾ ਹੁੰਦੀ ਰਹੀ ਹੈ।

ਇਸ ਵਾਰ ੩੦-੭-੬੬ ਤੇ ੩੧-੭-੬੬ ਦੀ ਵਿਚਕਾਰਲੀ ਰਾਤ ਨੂੰ ਉਪਰੋਕਤ ਪਿੰਡ ਵਿਖੇ ਰੈਣ ਸਬਾਈ ਕੀਰਤਨ ਵਿਚ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਨਿਕਟ ਵਰਤੀ ਅਖੰਡ ਕੀਰਤਨੀ ਜਥੇ ਹਰਿਜਸ ਕੀਰਤਨ ਦੀਆਂ ਘੁਮਰਾਂ ਪਾਉਣਗੇ ਆਪ ਜੀ ਸੰਗੀਆਂ ਸਾਥੀਆਂ ਸਮੇਤ ਦਰਸ਼ਨ ਬਖਸ਼ ਕੇ ਪਵਿਤਰ ਲਾਹੇ ਲੁੱਟੋ।

ਨੋਟ:—ਪਿੰਡ ਘੁਮਾਣਾਂ, ਲੁਧਿਆਣਾ ਮੁਲਾਂ ਪੁਰ ਤੋਂ ਰਾਏ ਕੋਟ ਨੂੰ ਜਾਣ ਵਾਲੀ ਸੜਕ ਤੇ ਅਡਾ ਸੁਧਾਰ, ਨਹਿਰ ਦੀ ਪੁਲ ਤੋਂ ਸਿਰਫ ਅਧ ਮੀਲ ਦੀ ਵਿਥ ਤੇ ਹੈ।

ਪੁਛ ਗਿਛ ਲਈ :-ਮਾਸਟਰ ਉਜਾਗਰ ਸਿੰਘ, ਪਿੰਡ ਫਰਵਾਲੀ, ਡਾਕ ਘਰ ਲੋਟ ਵਦੀ, ਜ਼ਿਲਾ ਸੰਗਰੂਰ



www.AKJ.Org

# ਡਿੱਠੇ, ਸੁਣੇ ਤੇ ਹਡੀਂ ਵਾਪਰੇ ਬ੍ਰਿਤਾਂਤ

( ਭਾਈ ਸਾਹਿਬ ਸੁਰਜਨ ਸਿੰਘ ਜੀ ਗੁਜਰਵਾਲ )

(੪)

**ਗੁਰਮਤਿ ਤੋਂ ਬਗ਼ੈਰ ਅਨੰਦ ਕਾਰਜ ਕਰਵਾਉਣ ਤੋਂ ਨਾਂਹ :-**

ਇਕ ਵਾਰੀ ਜ਼ਗਰਾਵਾਂ ਤੋਂ ਕਿਸੇ ਪੁਰਸ਼ ਨੇ ਆਕੇ ਕਿਹਾ, ਕਿ ਪਿੰਡ ਜਗਰਾਵਾਂ ਵਿਚ ਕਿਸੇ ਸਿੰਘ ਦੀ ਲੜਕੀ ਦੀ ਸ਼ਾਦੀ ਹੈ । ਸਾਨੂੰ ਕੋਈ ਜਥਾ ਜਾਂ ਰਾਗੀ ਅਨੰਦ ਕਾਰਜ ਵਾਸਤੇ ਨਹੀਂ ਮਿਲ ਰਿਹਾ ਆਪ ਪਰ-ਉਪਕਾਰੀ ਹੋ, ਸਵੇਰੇ ਅਨੰਦ ਕਾਰਜ ਹੈ ਆਪ ਜੀ ਹੁਣੇ ਹੀ ਚਲੋ । ਸ੍ਰੀ ਮਾਨ ਭਾਈ ਸਾਹਿਬ ਜੀ ਨੇ ਦਾਸ ਨੂੰ ਕਿਹਾ "ਦੇਖ ਭਾਈ ਇਹ ਸਿੰਘ ਪੰਦਰਾਂ ਮੀਲ ਤੋਂ ਆਇਆ ਹੈ । ਇਹ ਕਾਰਜ ਸਾਨੂੰ ਜ਼ਰੂਰ ਹੀ ਕਰਨਾ ਚਾਹੀਦਾ ਹੈ" । ਦਾਸ ਨੇ ਬੇਨਤੀ ਕੀਤੀ ਕਿ ਆਪ ਹੁਣੇ ਹੀ ਤਾਂ ਥੱਕ ਕੇ ਆਏ ਹੋ ਰਾਤ ਦੇ ਵਕਤ ਪੰਦਰਾਂ ਮੀਲ ਸਫਰ ਕਿਵੇਂ ਤਹਿ ਕਰਾਂਗੇ । ਦਾਸ ਨੂੰ ਤਾਂ ਅਗੇ ਹੀ ਨੀਂਦ ਬਹੁਤ ਸਤਾ ਰਹੀ ਹੈ । ਸ੍ਰੀ ਮਾਨ ਭਾਈ ਸਾਹਿਬ ਜੀ ਕਹਿਣ ਲਗੇ "ਨਹੀਂ ਤਕੜਾ ਹੋ ਗੁਰੂ ਸਾਹਿਬ ਜੀ ਆਪੇ ਸਾਡੀ ਸਹਾਇਤਾ ਕਰਨਗੇ ।" ਦਾਸ ਨੇ ਕਿਹਾ ਕਿ ਜਿਵੇਂ ਆਪਦੀ ਮਰਜ਼ੀ । ਅਸੀਂ ਪੰਜ ਸਿੰਘ ਸਾਂ । ਭਾਈ ਗੁਰਬਖਸ਼ ਸਿੰਘ ਜੀ ਕਮਾਲਪੁਰੀਆ, ਭਾਈ ਪੂਰਨ ਸਿੰਘ ਜੀ ਜਨੇਤ ਪੁਰੀਆ ਅਤੇ ਇਕ ਸਿੰਘ ਹੋਰ ਸੀ । ਸ੍ਰੀ ਮਾਨ ਭਾਈ ਸਾਹਿਬ ਜੀ ਨੇ ਹਰਮੋਨੀਅਮ ਮੋਢੇ ਪਾ ਲਿਆ, ਦਾਸ ਨੇ ਢੋਲਕੀ ਮੋਢੇ ਪਾ ਲਈ ਸਾਰੀ, ਰਾਤ ਤੁਰੇ ਗਏ, ਤੜਕੇ ਚਾਰ ਵਜੇ ਜਗਰਾਵਾਂ ਪਹੁੰਚ ਗਏ । ਜਦੋਂ ਪਹੁੰਚੇ ਤਾਂ ਪਤਾ ਲਗਾ ਕਿ ਲੜਕਾ ਤਿਆਰ ਬਰ ਤਿਆਰ ਨਹੀਂ ਹੈ । ਸਾਰਾ ਕੰਮ ਛਡ ਕੇ ਅਸੀ ਉਸੇ ਵੇਲੇ ਨਾਰੰਗ ਵਾਲ ਵਾਪਸ ਮੁੜ ਆਏ ।

**ਅਖੰਡ ਪਾਠ ਸਮਾਗਮ ਸਮੇਂ ਅਗੰਮੀ ਕਲਾ :–**

ਇਕ ਵਾਰੀ ਜਥਾ ਅਖੰਡ ਪਾਠ ਕਰਨ ਲਈ ਪਿੰਡ ਨਥੋਵਾਲ ਗਿਆ । ਅਖੰਡ ਪਾਠ ਵਿਚ ਸ੍ਰੀ ਮਾਨ ਭਾਈ ਸਾਹਿਬ ਜੀ ਦੀ ਰਾਤ ਦੀ ਰੌਲ ਆ ਲਗੀ । ਭਾਈ ਸਾਹਿਬ ਜੀ ਬਹੁਤ ਚਿਰ ਅਖੰਡ ਪਾਠ ਕਰਦੇ ਰਹੇ । ਰਾਤ ਟਿਕੀ ਹੋਈ ਸੀ । ਭਾਈ ਸਾਹਿਬ ਦੀ ਦੀ ਅਵਾਜ਼ ਬਹੁਤ ਦੂਰ ਤਕ ਸੁਣਾਈ ਦਿੰਦੀ ਸੀ । ਉਨ੍ਹਾਂ ਦਿਨਾਂ ਵਿਚ ਲਾਊਡ ਸਪੀਕਰ ਨਹੀਂ ਹੁੰਦੇ ਸਨ । ਪਰ ਫਿਰ ਵੀ ਭਾਈ ਸਾਹਿਬ ਜੀ ਦੀ ਅਵਾਜ਼ ਸਾਰੇ ਪਿੰਡ ਵਿਚ ਸੁਣਾਈ ਦੇ ਰਹੀ ਸੀ । ਇਹ ਸਾਰਾ ਪਾਠ ਭਾਈ ਸਾਹਿਬ ਜੀ ਨੇ ਆਤਮਕ ਰੰਗਾਂ ਵਿਚ ਕੀਤਾ, ਜਿਹੜਾ ਵੀ ਇਨ੍ਹਾਂ ਦੇ ਮੁਖਾਰ ਬਿੰਦ ਤੋਂ ਪਾਠ ਸੁਣਦਾ ਮੋਹਿਤ ਹੁੰਦਾ ਜਾਂਦਾ ਸੀ । ਦਾਸ ਮਧ ਦੇ ਪਾਠ ਤੋਂ ਕਿਤੇ ਬਾਹਰ ਜੰਗਲ ਵਿਚ ਚਲਾ ਗਿਆ ਜਦੋਂ ਭਾਈ ਸਾਹਿਬ ਜੀ ਨੂੰ ਨਾਂ ਦਿਸਿਆ ਤਾਂ ਉਹ ਵੀ ਬਾਹਰ ਨੂੰ ਤੁਰ ਪਏ, ਦਾਸ ਬਾਹਰ ਖੁਲੇ ਥਾਂ ਜਾ ਕੇ ਮੂੰਹ ਢੱਕ ਕੇ ਲੰਮਾ ਪਿਆ ਹੋਇਆ ਸੀ ਪਰ ਸੁਤ ਉਨੀਦਾ ਜਿਹਾ ਸੀ । ਜਦੋਂ ਭਾਈ ਸਾਹਿਬ ਬਾਹਰ ਨੂੰ ਤੁਰ ਪਏ ਤਾਂ ਦਾਸ ਨੂੰ ਪਏ ਨੂੰ ਇਹ ਮਲੂਮ ਹੋਇਆ ਜਿਵੇਂ ਭਾਈ ਸਾਹਿਬ ਜੀ ਦਾਸ ਵਲ ਆ ਰਹੇ ਹਨ । ਉਸ ਤੋਂ ਬਾਦ ਭਾਈ ਸਾਹਿਬ ਦਾਸ ਕੋਲ ਆ ਕੇ ਦਾਸ ਦੀਆਂ ਪ੍ਰਕਰਮਾਂ ਕਰਨ ਲਗ ਪਏ । ਦਾਸ ਨੇ ਸਮਝਿਆ ਕੋਈ ਸੁਪਨਾ ਹੈ ਪਰ



www.AKJ.Org

ਜਦੋਂ ਦਾਸ ਨੇ ਮੂੰਹ ਤੋਂ ਕਪੜਾ ਲਾਹ ਕੇ ਵੇਖਿਆ ਤਾਂ ਸਚਮੁਚ ਭਾਈ ਸਾਹਿਬ ਹੀ ਸਨ। ਦਾਸ ਨੇ ਉਠ ਕੇ ਭਾਈ ਸਾਹਿਬ ਦੇ ਚਰਨ ਫੜ ਲਏ ਤੇ ਕਿਹਾ "ਸਾਨੂੰ ਮਰਿਆਂ ਹੋਇਆਂ ਨੂੰ ਹੋਰ ਕਿਉਂ ਮਾਰਦੇ ਹੋ ?" ਫਿਰ ਸਾਡੀਆਂ ਆਪਸ ਵਿਚ ਜਫੀਆਂ ਪੈ ਗਈਆਂ। ਬਹੁਤ ਦੇਰ ਤਕ ਉਥੇ ਹੀ ਪਏ ਰਹੇ। ਨਾਮ ਅਭਿਆਸ ਦਾ ਸ੍ਵਾਸ ਸ੍ਵਾਸ ਖੰਡਾ ਖੜਕਦਾ ਰਿਹਾ ਇਸ ਤੋਂ ਉਪਰੰਤ ਨਥੋਵਾਲ ਅਖੰਡ ਪਾਠ ਦਾ ਭੋਗ ਪਾ ਕੇ ਸਾਰਾ ਜਥਾ ਰਾਏ ਕੋਟ ਪਹੁੰਚ ਗਏ।

### ਗੰਗਾ ਸਾਗਰ ਦੀ ਪਰੀਖਿਆ ਲੈਣੀ

ਇਥੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਯਾਦਗਾਰਾਂ ਹਨ। ਇਹ ਉਹ ਕਸਬਾ ਹੈ ਜਿਥੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਛੋਟੇ ਸਾਹਿਜ਼ਾਦਿਆਂ ਦੀਆਂ ਖਬਰਾਂ ਮੰਗਵਾਈਆਂ ਸਨ। ਇਥੇ ਅਸੀਂ ਰਾਏ ਕੋਟ ਮੁਸਲਮਾਨ ਦੇ ਘਰ ਪਹੁੰਚ ਕੇ ਗੰਗਾ ਸਾਗਰ ਦੇ ਦਰਸ਼ਨ ਕੀਤੇ। ਇਸ ਗੰਗਾ ਸਾਗਰ ਵਿਚ ਇਤਨੀਆਂ ਮੋਰੀਆਂ ਸਨ ਕਿ ਛਾਨਣੀ ਹੋਇਆ ਪਿਆ ਸੀ। ਭਾਈ ਸਾਹਿਬ ਜੀ ਨੇ ਦਾਸ ਪਾਸੋਂ ਜਲ ਮੰਗਵਾਇਆ ਅਤੇ ਉਸ ਗੰਗਾ ਸਾਗਰ ਵਿਚ ਪਾਇਆ। ਪਰ ਇਕ ਬੂੰਦ ਵੀ ਗੰਗਾ ਸਾਗਰ ਵਿਚੋਂ ਬਾਹਰ ਨ ਨਿਕਲੀ। ਦਾਸ ਨੇ ਫਿਰ ਆਪਣੀ ਮਰਜ਼ੀ ਅਨੁਸਾਰ ਹੀ ਗੰਗਾ ਸਾਗਰ ਦੀਆਂ ਮੋਰੀਆਂ ਵਿਚ ਤੀਲਾ ਪਾ ਕੇ ਦੇਖਿਆ ਤਾਂ ਤੀਲਾ ਆਰ ਪਾਰ ਨਿਕਲ ਗਿਆ ਜਦੋਂ ਭਾਈ ਸਾਹਿਬ ਨੇ ਦਾਸ ਨੂੰ ਦੇਖਿਆ ਤਾਂ ਬਹੁਤ ਗੁਸੇ ਹੋਏ ਅਤੇ ਕਹਿਣ ਲਗੇ ਇਤਨੀ, ਪਰੀਖਿਆ ਨਹੀਂ ਕਰਨੀ ਚਾਹੀਦੀ। ਫਿਰ ਦਾਸ ਨੇ ਭਾਈ ਸਾਹਿਬ ਤੋਂ ਮਾਫੀ ਮੰਗੀ ਤੇ ਕਿਹਾ ਕਿ ਦਾਸ ਤੋਂ ਗਲਤੀ ਹੋ ਗਈ ਹੈ ਦਾਸ ਨੂੰ ਮਾਫ ਕਰ ਦਿਉ ਅਤੇ ਅਸੀਂ ਸਾਰੇ ਸਿੰਘ ਨਾਰੰਗ-ਵਾਲ ਵਾਪਸ ਆ ਗਏ।

### ਅਖੰਡ ਪਾਠ ਅਤੇ ਅੰਮ੍ਰਿਤ ਸੰਚਾਰ ਸਮਾਗਮਾਂ ਸਮੇਂ ਅਗੰਮੀ ਕਲਾ ਵਰਤਣੀ :-

੧. ਇਕ ਵਾਰੀ ਇਕ ਅਖੰਡ ਪਾਠ ਦੀ ਤਾਰੀਖ ਭਾਈ ਰਾਮ ਸਿੰਘ ਜੀ ਜਥੇਦਾਰ ਦੇ ਘਰ ਗੁਜਰਵਾਲ ਵਿਖੇ ਪਕੀ ਕੀਤੀ ਗਈ। ਇਥੇ ਗਿਆਨੀ ਦਲੀਪ ਸਿੰਘ ਜੀ ਪਿੰਡ ਫ਼ਲੇਵਾਲ ਦੂਜਾ ਗਿਆਨੀ ਹਰਭਜਨ ਸਿੰਘ ਪਿੰਡ ਚਮਿੰਡੇ ਦੇ ਸਨ ਇਹ ਦੋਵੇਂ ਸਜਣ ਗੁਜਰਵਾਲ ਇਸ ਅਖੰਡ ਪਾਠ ਤੇ ਪਹੁੰਚ ਗਏ। ਜਦੋਂ ਭਾਈ ਸਾਹਿਬ ਜੀ ਨੂੰ ਪਤਾ ਲਗਾ ਕਿ ਇਨ੍ਹਾਂ ਦੋਵਾਂ ਸਿੰਘਾਂ ਨੇ ਅ ਮ੍ਰਿਤ-ਪਾਨ ਕਰਨਾ ਹੈ ਤਾਂ ਭਾਈ ਰਾਮ ਸਿੰਘ ਜੀ ਦੇ ਘਰ ਹੀ ਅਖੰਡ ਪਾਠ ਸਮਾਗਮ ਤੋਂ ਉਪਰੰਤ ਅੰਮ੍ਰਿਤ ਸੰਚਾਰ ਸਮਾਗਮ ਦਾ ਭੀ ਪ੍ਰਬੰਧ ਕਰ ਦਿਤਾ। ਅੰਮ੍ਰਿਤ ਵੇਲੇ ਹੀ ਕੀਰਤਨ ਅਰੰਭ ਹੋ ਗਿਆ। ਕੀਰਤਨ ਦੇ ਭੋਗ ਪੈਣ ਤੋਂ ਬਾਦ ਅਖੰਡ ਪਾਠ ਵੀ ਅਰੰਭ ਹੋ ਗਿਆ। ਇਨਾਂ ਦੋਹਾਂ ਸਿੰਘਾਂ ਨੇ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਚੌਕੜਾ ਮਾਰ ਕੇ ਸਾਰਾ ਅਖੰਡ ਪਾਠ ਸਰਵਣ ਕਰਨਾ ਸ਼ੁਰੂ ਕੀਤਾ ਸਿਰਫ ਬਾਹਰ ਮਦਾਨ ਵਾਸਤੇ ਜਾਂ ਇਸ਼ਨਾਨ ਕਰਨ ਵਾਸਤੇ ਜਾਂਦੇ। ਬਾਕੀ ਸਾਰਾ ਸਮਾਂ ਅਖੰਡ ਪਾਠ ਸਰਵਣ ਕਰਦੇ ਰਹਿੰਦੇ ਸਨ। ਅਖੰਡ ਪਾਠ ਦੇ ਭੋਗ ਤੋਂ ਬਾਦ ਆਸਾ ਦੀ ਵਾਰ ਦਾ ਕੀਰਤਨ ਹੋਇਆ ਬਾਦ ਵਿਚ ਅੰਮ੍ਰਿਤ ਜਲ ਕੁੰਭ ਦਾ ਲੈ ਕੇ ਅੰਮਿਤ ਸੰਚਾਰ ਹੋਇਆ ਜਿਹੜਾ ਰੰਗ ਇੰਨ੍ਹਾਂ ਅੰਮ੍ਰਿਤ ਅਭਿਲਾਖੀਆਂ ਤੇ ਚੜ੍ਹਿਆ (ਕਹਿਬੇ ਕੋ ਸੋਭਾ ਨਹੀਂ ਦੇਖਾ ਹੀ ਪਰਵਾਨ) ਅੰਮ੍ਰਿਤ ਛਕਦੇ ਸਾਰ ਹੀ ਨੇਤਰਾਂ ਦੀ ਡਾਰ ਬਝ ਗਈ। ਦਾਸ ਵੀ ਪੰਜਾਂ ਪਿਆਰਿਆਂ ਦੀ ਸੇਵਾ ਵਿਚ ਸੀ। ਜੋ ਦਸ਼ਾ ਭਾਈ ਸਾਹਿਬ ਜੀ ਦੀ ਤੇ ਉਹਨਾਂ ਭੁਝੰਗੀਆਂ ਦੀ ਸੀ ਬਿਆਨ ਕਰਨ ਤੋਂ ਬਾਹਰ ਹੈ। ਗਿਆਨੀ ਦਲੀਪ ਸਿੰਘ ਜੀ ਦੀ ਹਾਲਤ ਇਸ ਤਰਾਂ ਹੀ ਕਈ ਦਿਨ ਰਹੀ। ਜਿਹੜਾ ਵੀ ਸਿੰਘ ਇਨ੍ਹਾਂ ਦੇ ਦਰਸ਼ਨ ਕਰੇ ਮੋਹਿਤ ਹੁੰਦਾ ਜਾਵੇ। ਉਸ ਤੋਂ ਬਾਦ ਗਿਆਨੀ ਦਲੀਪ ਸਿੰਘ ਜੀ ਭਾਈ ਸਾਹਿਬ ਜੀ ਦੇ ਨਾਲ ਹੀ

(ਬਾਕੀ ਦੇਖੋ ਸਫਾ ੪ ਤੇ)



www.AKJ.Org

(ਬਾਕੀ ਸਫਾ ੩੪ ਦੀ)

ਨਾਰੰਗਵਾਲ ਚਲੇ ਗਏ । ਇਥੇ ਵੀ ਨਾਮ ਦੇ ਰੰਗਾਂ ਵਿਚ ਸਾਰਾ ਸਮਾਂ ਗੁਜ਼ਾਰਨ ਲਗ ਪਏ । ਹਰ ਰੋਜ਼ ਢਾਬ ਤੇ ਪਹੁੰਚ ਕੇ ਸਾਰੀ ਸਾਰੀ ਰਾਤ ਬਾਹਰ ਹੀ ਗੁਜ਼ਾਰਦੇ ਸਨ। ਦਾਸ ਵੀ ਗੁਜਰਵਾਲ ਤੋਂ ਢਾਬ ਤੇ ਪਹੁੰਚ ਜਾਂਦਾ ਸੀ।

੨. ਇਕ ਵਾਰੀ ਬਾਊ ਮਲ ਸਿੰਘ ਜੀ ਨੇ ਇਕ ਅਖੰਡ ਪਾਠ ਦੀ ਜ਼ਿਲਾ ਲਾਇਲ ਪੁਰ, ਪਿੰਡ ਸਰਲੀਆਂ, ਇਕੋਤਰ ਚਕ, ਵਾਸਤੇ ਤਾਰੀਖ ਮੰਗੀ ਸ੍ਰੀ ਮਾਨ ਭਾਈ ਸਾਹਿਬ ਜੀ ਨੇ ਮਨਜ਼ੂਰ ਕਰ ਲਿਆ। ਇਹ ਅਖੰਡ ਪਾਠ ਬਾਬੂ ਮਲ ਸਿੰਘ ਜੀ ਦੇ ਵਡੇ ਭਰਾ ਵਰਿਆਮ ਸਿੰਘ ਜੀ ਦੇ ਘਰ ਹੋਣਾ ਸੀ। ਅਤੇ ਨਾਲ ਹੀ ਇਨ੍ਹਾਂ ਦੇ ਸਾਰੇ ਪਰਵਾਰ ਨੇ ਅੰਮ੍ਰਿਤ ਛਕਣਾ ਸੀ। ਸਾਰਾ ਜੱਥਾ ਨਾਰੰਗਵਾਲ ਤੋਂ ਕੀਰਤਨ ਕਰਦਾ ਹੋਇਆ ਗਡੀ ਵਿਚ ਸਵਾਰ ਹੋ ਗਿਆ। ਸਟੇਸ਼ਨ ਆਵਾਸ ਪੁਰ ਤੋਂ ਉਤਰ ਕੇ ਫੇਰ ਕੀਰਤਨ ਅਰੰਭ ਹੋ ਗਿਆ। ਪਿੰਡ ਕੋਲ ਪਹੁੰਚੇ ਤਾਂ ਪਿੰਡ ਦੇ ਸਿੰਘ ਅਗਵਾਈ ਵਾਸਤੇ ਆਏ ਹੋਏ ਸਨ। ਬਾਊ ਜੀ ਤਾਂ ਫੁਲੇ ਨਹੀਂ ਸਨ ਸਮਾਉਂਦੇ ਬਹੁਤ ਹੀ ਅਨੰਦ ਵਿਚ ਸਨ। ਦੂਜੇ ਦਿਨ ਆਸਾ ਜੀ ਦੀ ਵਾਰ ਦੇ ਕੀਰਤਨ ਦਾ ਭੋਗ ਪਾਕੇ ਅਖੰਡ ਪਾਠ ਅਰੰਭ ਹੋ ਗਿਆ। ਭਾਈ ਵਰਿਆਮ ਸਿੰਘ ਜੀ ਦੇ ਪਰਵਾਰ ਨੂੰ ਸ੍ਰੀ ਮਾਨ ਭਾਈ ਸਾਹਿਬ ਜੀ ਨੇ ਕਿਹਾ ਤੁਸੀਂ ਅਖੰਡ ਪਾਠ ਦੇ ਮੰਡਲ ਵਿਚ ਹੀ ਰਹਿ ਕੇ ਅਖੰਡ ਪਾਠ ਸਰਵਣ ਕਰੋ। ਇਹਨਾਂ ਨਾਲ ਹੀ ਇਕ ਸਿੰਘ ਤੇ ਉਸਦਾ ਪਰਿਵਾਰ ਸੀ। ਉਹਨਾਂ ਦਾ ਨਾਮ ਡਾਕਟਰ ਗੁਰਬਖਸ਼ ਸਿੰਘ ਸੀ। ਇਹ ਸਜਣ ਰਾਵਲ ਪਿੰਡੀ ਦੇ ਇਲਾਕੇ ਦੇ ਸਨ। ਲਾਇਲ ਪੁਰ ਦੇ ਇਲਾਕੇ ਵਿਚ ਇਹ ਸਜਣ ਕਿਸੇ ਹਸਪਤਾਲ ਵਿਚ ਡਿਊਟੀ ਤੇ ਸਨ। ਇਕ ਸਜਣ ਹੋਰ ਸਨ ਇਹਨਾਂ ਦਾ ਨਾਉਂ ਹੀਰਾ ਸਿੰਘ ਜੀ "ਦਰਦ" ਸੀ। ਡਾਕਟਰ ਜੀ ਨੂੰ ਤੇ ਹੀਰਾ ਸਿੰਘ ਦਰਦ ਨੂੰ ਵੀ ਭਾਈ ਸਾਹਿਬ ਜੀ ਨੇ ਕਿਹਾ ਕਿ ਜਿਨਾਂ ਸਮਾਂ ਦੇ ਸਕੋ ਅਖੰਡ ਪਾਠ ਸਰਵਣ ਕਰੋ। ਇਨ੍ਹਾਂ ਸਾਰੇ ਅੰਮ੍ਰਿਤ ਅਭਿਲਾਖੀਆਂ ਨੇ ਅਖੰਡ ਮੰਡਲ ਵਿਚ ਬੈਠ ਕੇ ਸਾਰਾ ਅਖੰਡ ਪਾਠ ਸਰਵਣ ਕੀਤਾ ਸਿਰਫ ਮਦਾਨ ਜਾ ਇਸ਼ਨਾਨ ਕਰਨ ਹੀ ਜਾਂਦੇ ਸਨ। ਅਖੰਡ ਪਾਠੀ ਸ੍ਰੀ ਮਾਨ ਭਾਈ ਸਾਹਿਬ ਜੀ ਖੁਦ ਵੀ ਸਨ। ਭਾਈ ਅਤਰ ਸਿੰਘ ਜੀ, ਦਾਸ ਤੇ ਬਾਊ ਮਲ ਸਿੰਘ ਜੀ ਭੀ ਸਨ। ਇਕ ਸਿੰਘ ਹੋਰ ਸੀ। ਸਾਰੇ ਸਿੰਘ ਇਸ਼ਨਾਨ ਤੇ ਬਸਤਰ ਸਾਫ ਕਰਕੇ ਮਹਾਰਾਜ ਦੀ ਹਜ਼ੂਰੀ ਅਰਦਾਸਾ ਸੋਧਦੇ ਤੇ ਫਿਰ ਅਖੰਡ ਪਾਠ ਦੀ ਸੇਵਾ ਵਿਚ ਹਾਜ਼ਰ ਹੁੰਦੇ ਸਨ। ਅਖੰਡ ਪਾਠ ਦੇ ਭੋਗ ਤੋਂ ਬਾਦ ਆਸਾ ਜੀ ਦੀ ਵਾਰ ਦਾ ਕੀਰਤਨ ਕਰਕੇ ਇਹਨਾਂ ਸਾਰਿਆਂ ਅੰਮ੍ਰਿਤ ਅਭਿਲਾਖੀਆਂ ਨੂੰ ਅੰਮ੍ਰਿਤ ਛਕਾਇਆ ਗਿਆ। ਅੰਮ੍ਰਿਤ ਛਕਦੇ ਸਾਰ ਹੀ ਇਹ ਸਾਰੇ ਅਭਿਲਾਖੀ ਮਸਤ ਅਲ ਮਸਤ ਹੋ ਗਏ। ਪਰ ਡਾਕਟਰ ਗੁਰਬਖਸ਼ ਸਿੰਘ ਜੀ ਬਹੁਤ ਰੰਗਾਂ ਵਿਚ ਹੋ ਗਏ। ਪੰਜ ਪਿਆਰੇ ਤੇ ਬਾਊ ਮਲ ਸਿੰਘ ਜੀ ਇਹਨਾਂ ਅੰਮ੍ਰਿਤ ਅਭਿਲਾਖੀਆਂ ਨੂੰ ਦੇਖ ਦੇਖ ਕੇ ਖੀਵੇ ਹੁੰਦੇ ਜਾ ਰਹੇ ਸਨ। ਕੁਝ ਚਿਰ ਬਾਦ ਪ੍ਰਸ਼ਾਦ ਵਰਤਿਆ। ਲਾਂਗਰੀ ਸਿੰਘਾਂ ਆਕੇ ਬੇਨਤੀਆਂ ਕੀਤੀਆਂ ਕਿ ਗੁਰੂ ਦਾ ਲੰਗਰ ਤਿਆਰ ਹੈ। ਉਸੇ ਮਸਤੀ ਵਿਚ ਝੂਮਦੇ ਹੋਏ ਸਾਰੇ ਸਜਣ ਪ੍ਰਸ਼ਾਦ ਛੱਕਣ ਲਗੇ ਫਿਰ ਅਰਦਾਸਾ ਕਰਕੇ ਸਾਰੇ ਸਿੰਘਾਂ ਨੇ ਕਮਰ ਕਸੇ ਕਰਕੇ ਕੀਰਤਨ ਕਰਦੇ ਹੋਏ ਸਟੇਸ਼ਨ ਵਲ ਨੂੰ ਚਾਲੇ ਪਾਏ। ਆਵਾਸ ਪੁਰ ਸਟੇਸ਼ਨ ਤੋਂ ਗਡੀ ਚੜ ਕੇ ਲੁਧਿਆਣੇ ਆ ਗਏ। ਸਾਰੇ ਰਸਤੇ ਗੁਰੂ ਕੇ ਰੰਗ ਵਿਚ ਰਤੇ ਹੋਏ ਕੀਰਤਨ ਕਰਦੇ ਰਹੇ। ਉਹਨਾਂ ਦਿਨਾਂ ਵਿਚ ਸ੍ਰੀ ਮਾਨ ਭਾਈ ਸਾਹਿਬ ਜੀ ਦੀ ਇਹ ਤੀਬਰ ਇਛਾ ਹੁੰਦੀ ਸੀ ਕਿ ਜਿਸ ਸਿੰਘ ਦੇ ਘਰ ਸਮਾਗਮ ਕਰਨਾ ਹੁੰਦਾ ਸੀ ਖਰਚ ਬਹੁਤ ਹੀ ਘਟ ਕਰਿਆ ਕਰਦੇ ਸਨ। ਅਖੰਡ ਪਾਠ ਦੇ ਮੌਕੇ ਲੰਗਰ ਇਕੋ ਹੁੰਦਾ ਸੀ। ਕੋਈ ਦੁਫਿਰਕਾ ਨਹੀਂ ਹੁੰਦਾ ਸੀ। ਸਭ ਸਿੰਘ ਗੁਰੂ ਦੇ ਲੰਗਰ ਵਿਚ ਬੈਠ ਕੇ ਪ੍ਰਸ਼ਾਦ ਛਕਦੇ ਹੁੰਦੇ ਸਨ। ਅਰਦਾਸਾ ਸੋਧ ਕੇ ਪ੍ਰਸ਼ਾਦਾ ਵਰਤਾਇਆ ਕਰਦੇ ਸਨ। ਲੰਗਰ ਵਿਚ ਕੋਈ ਫਾਲਤੂ ਬਚਨ ਨਹੀਂ ਕਰਦਾ ਸੀ।


www.AKJ.Org

# ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਰਚਿਤ ਪੁਸਤਕਾਂ

| | |
|---|---|
| ੧. ਜੇਲ੍ਹ ਚਿੱਠੀਆਂ | ੫.੦੦ |
| ੨. ਗੁਰਮਤ ਨਾਮ ਅਭਿਆਸ ਕਮਾਈ | ੨.੫੦ |
| ੩ ਗੁਰਮਤ ਲੇਖ | ੨.੫੦ |
| ੪. ਗੁਰਮਤ ਬਿਬੇਕ | ੩.੦੦ |
| ੫. ਸੱਚਖੰਡ ਦਰਸ਼ਨ | ੦.੭੫ |
| ੬. ਕੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁਤ ਪ੍ਰਸਤੀ ਹੈ ? | ੧.੦੦ |
| ੭. ਚਰਨ ਕਮਲ ਕੀ ਮਉਜ | ੦.੮੮ |
| ੮. ਅਣਡਿਠੀ ਦੁਨੀਆਂ | ੩.੫੦ |
| ੯. ਕਰਮ ਫਿਲਾਸਫੀ | ੫.੦੦ |
| ੧੦. ਅਨਹਦ ਸ਼ਬਦ ਦਸਮ ਦੁਆਰ | ੨.੫੦ |
| ੧੧. ਗੁਰਮਤ ਸਚ ਨਿਰਣੈ | ੨.੫੦ |
| ੧੨. ਅੰਮ੍ਰਿਤ ਕਲਾ | ੦.੪੦ |
| ੧੩. ਅੰਮ੍ਰਿਤ ਕੀ ਹੈ ? | ੦.੩੦ |
| ੧੪. ਸੁਪਨਾ | ੦.੨੫ |
| ੧੫. ਬਾਬਾ ਵੈਦ ਰੋਗੀਆਂ ਦਾ | ੦.੧੨ |
| ੧੬. ਗਯਾਨ ਚਾਨਣਾ | ੦.੦੬ |
| ੧੭. ਹਉਮੈ ਨਾਵੈ ਨਾਲਿ ਵਿਰੋਧ | ੦.੨੦ |
| ੧੮. ਦਰਸ਼ਨ ਝਲਕਾਂ ( ਕਵਿਤਾ ) | ੧.੫੦ |
| ੧੯. ਜੋਤਿ ਵਿਗਾਸ ( ਕਵਿਤਾ ) | ੫.੦ |
| ੨੦. ਕਥਾ ਕੀਰਤਨ | ੨.੦੦ |
| ੨੧. ਰੰਗਲੇ ਸਜਣ | ੨.੫੦ |
| ੨੨. ਸਿੱਖ ਕੌਣ ਹੈ ? | ੦.੧੫ |
| ੨੩. ਆਸਤਕ ਨਾਸਤਕ | ੦.੧੨ |
| ੨੪. ਕੋ ਵਿਰਲਾ ਗੁਰਮਤਿ ਚਲੈ | ੦.੨੦ |
| ੨੫. ਸਚੀਆਂ ਦਾਹੜੀਆਂ | ੦.੧੨ |
| ੨੬. ਸੰਤ ਪਦ ਨਿਰਣੈ | ੧.੫੦ |
| ੨੭. ਗੁਰਮਤ ਰਮਜ਼ਾਂ | ੦.੬੨ |
| ੨੮. ਗੁਰਬਾਣੀ ਦੀਆਂ ਲਗਾਂ ਮਾਤਰਾਂ ਦੀ ਵਿਲਖਣਤਾ | ੫.੦੦ |
| ੨੯. ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ | ੦.੧੦ |
| ੩੦. ਸਿੰਘਾਂ ਦਾ ਪੰਥ ਨਿਰਾਲਾ | ੦.੪੦ |
| ੩੧. ਅਕਾਲ ਪੁਰਖ ਦੇ ਪ੍ਰਤੱਖ ਦਰਸ਼ਨ | ੦.੨੦ |
| ੩੨. ਵਾਹਿਗੁਰੂ ਸਿਮਰਣ | ੦.੧੫ |
| ੩੩. ਗੁਰਮਤ ਪ੍ਰਕਾਸ਼ | ੧.੫੦ |
| ੩੪. ਸਿਖੀ ਸਿਦਕ ਤੇ ਧਰਮ ਰਖਿਆ | ੦.੨੦ |
| ੩੫. ਨਿਰਬਾਣ ਕੀਰਤਨੀ ਜੱਥੇ ਦੇ ਸਿੰਘਾਂ ਦਾ ਦਾਸਤਾਨ | ੦.੩੦ |
| ੩੬. ਝਟਕਾ ਮਾਸ ਪਰਥਾਇ ਤੱਤ ਗੁਰਮਤਿ ਨਿਰਣਯ | ੧.੪੦ |
| ੩੭. ਗੁਰਮਤ ਵੀਚਾਰ | ੦.੮੦ |

ਸਮੂੰਹ ਅਖੰਡ ਕੀਰਤਨੀ ਜੱਥੇ, ਸਭਾ, ਸੋਸਾਇਟੀਆਂ ਤੇ ਸੰਗਤਾਂ ਇਹ ਜਾਣ ਕੇ ਪ੍ਰਸੰਨ ਹੋਣਗੀਆਂ ਕਿ ਗੁਰਮਤਿ ਦੇ ਪਰਚਾਰ ਨੂੰ ਮੁਖ ਰਖਕੇ ਅਖੰਡ ਕੀਰਤਨੀ ਜੱਥਾ ਪਟਿਆਲਾ ਵਲੋਂ ਵਧੀਆ ਕਾਗ਼ਜ਼ ਤੇ ਵਧੀਆ ਛਪਵਾਈ ਸਹਿਤ ਲਾਗਤ ਭੇਟਾ ਤੇ ਇਕ ਟ੍ਰੈਕਟ ਲੜੀ ਸ਼ੁਰੂ ਕੀਤੀ ਜਾ ਰਹੀ ਹੈ । ਇਸ ਲੜੀ ਦਾ ਪਹਿਲਾ ਟ੍ਰੈਕਟ "ਜੇਲ-ਚਿਠੀਆਂ" ਕ੍ਰਿਤ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਵਿਚੋਂ "ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ" ਸਿਰਲੇਖ ਹੇਠ ਦਿਤਾ ਜਾ ਰਿਹਾ ਹੈ । ਸੋ ਸਮੂੰਹ ਅਖੰਡ ਕੀਰਤਨੀ ਜੱਥਿਆਂ ਸਭਾ ਸੋਸਾਇਟੀਆਂ ਤੇ ਦੇਸ਼ ਪਰਦੇਸ ਦੀਆਂ ਸੰਗਤਾਂ ਪ੍ਰਤੀ ਬਿਨੈ ਹੈ ਕਿ ਉਹ ਵਧ ਤੋਂ ਵਧ ਗਿਣਤੀ ਵਿਚ ਇਹ ਟਰੈਕਟ ਸੰਗਤਾਂ ਦੇ ਹਥਾਂ ਵਿਚ ਪਹੁੰਚਾਉਣ ਲਈ ਛੇਤੀ ਤੋਂ ਛੇਤੀ ਹੇਠ ਲਿਖੇ ਪਤੇ ਤੇ ਆਰਡਰ ਘਲਨ ।

ਮਿਲਣ ਦਾ ਪਤਾ :-

ਅਖੰਡ ਕੀਰਤਨੀ ਜੱਥਾ, ੫੪੯-੩, ਖਾਲਸਾ ਮਹੱਲਾ, ਪਟਿਆਲਾ ।

ਚੀਫ ਪ੍ਰਿੰਟਿੰਗ ਪ੍ਰੈਸ, ਗਊਸ਼ਾਲਾ ਰੋਡ, ਪਟਿਆਲਾ ਤੋਂ ਅਖੰਡ ਕੀਰਤਨੀ ਜੱਥਾ ਪਟਿਆਲਾ ਲਈ ਮਨੋਹਰ ਸਿੰਘ ਐਡੀਟਰ, ਪ੍ਰਿੰਟਰ ਤੇ ਪਬਲਿਸ਼ਰ ਨੇ ਛਪਵਾ ਕੇ ਦਫਤਰ "ਸੂਰਾ" ੫੪੯-੩, ਖਾਲਸਾ ਮਹੱਲਾ, ਪਟਿਆਲਾ ਤੋਂ ਪ੍ਰਕਾਸ਼ਤ ਕੀਤਾ ।

www.AKJ.Org